

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 48

March 11, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਕੈਲੇਫੋਰਨੀਆ ਵਿਚ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਦਿਹਾੜੇ ਦੀਆਂ ਤਾਰੀਖਾਂ-
ਬੇ-ਏਰੀਆ 15 ਮਾਰਚ ਅਤੇ ਸੈਲਮਾ 22 ਮਾਰਚ 2020

**ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ**

**ਜ਼ਿਆਦਾ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।**

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 20ਵੇ ਮਹਾਨ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਏ ਗਏ





**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇ ਪ੍ਰਕਾਸ਼ ਪੁਰਬ ਅਤੇ 20ਵੇ ਮਹਾਨ ਨਗਰ ਕੀਰਤਨ 8 ਮਾਰਚ 2020 ਨੂੰ ਸ੍ਰੀ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਬਹੁਤ ਹੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਏ ਗਏ। ਹਰ ਸਾਲ ਦੀ ਤਰਾਂ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ ਜਿਸ ਦੀ ਸੇਵਾ ਪਹਿਲਾਂ ਦੀ ਤਰਾਂ ਸ੍ਰੀ ਹਰਦਿਆਲ ਬੰਗਾ ਅਤੇ ਉਹਨਾਂ ਦੇ ਪਰਿਵਾਰ ਵਲੋਂ ਹੋਈ। ਕੁਝ ਸਾਫ ਮੌਸਮ ਨਾ ਹੋਣ ਅਤੇ ਕਰੋਨਾ ਵਾਇਰਸ ਦੇ ਡਰ ਦੇ ਬਾਵਜੂਦ ਵੱਡੀ ਗਿਣਤੀ ਵਿਚ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਗੁਰਬਾਣੀ ਕੀਰਤਨ ਦੁਆਰਾ ਗੁਰੂ ਸਾਹਿਬ ਦਾ ਜੱਸ ਗਾਇਨ ਕਰ ਰਿਹਾ ਸੀ। ਮੇਨ ਫਲੋਟ 'ਤੇ ਰਾਗੀ ਜਥੇ


**(ਬਾਕੀ ਸਫਾ 6 'ਤੇ ਅਤੇ ਤਸਵੀਰਾਂ ਦੇਖੋ ਸਫਾ 13,14,15,16 'ਤੇ)**




ਦੱਬੇ-ਕੁਚਲੇ ਲੋਕਾਂ ਦੇ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।

# ਅਮਰੀਕਾ 'ਚ ਐੱਚ-1ਬੀ ਵੀਜ਼ੇ ਦੀ ਹਰ ਪੰਜਵੀ ਅਰਜ਼ੀ ਖ਼ਾਰਜ

ਵਾਸ਼ਿੰਗਟਨ (ਬਿਊਰੋ)- ਅਮਰੀਕਾ ਨੇ ਪਿਛਲੇ ਸਾਲ ਐੱਚ-1ਬੀ ਵੀਜ਼ੇ ਲਈ ਦਾਖ਼ਲ ਕੀਤੀ ਹਰ ਪੰਜਵੀਂ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ ਹੈ। ਇਸ ਨਾਲ ਭਾਰਤੀ ਆਈਟੀ ਕੰਪਨੀਆਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਈਆਂ। ਇਨ੍ਹਾਂ ਕੰਪਨੀਆਂ ਦੀਆਂ ਅਰਜ਼ੀਆਂ ਨੂੰ ਨਾਮਨਜ਼ੂਰ ਕਰਨ ਦੀ ਦਰ ਸਭ ਤੋਂ ਜ਼ਿਆਦਾ ਰਹੀ। ਇਹ ਵੀਜ਼ਾ ਭਾਰਤੀ ਪੇਸ਼ੇਵਰਾਂ 'ਚ ਖ਼ਾਸ ਤੌਰ 'ਤੇ ਲੋਕਪ੍ਰਿਆ ਹੈ। ਐੱਨਜੀਓ ਨੈਸ਼ਨਲ ਫਾਊਂਡੇਸ਼ਨ ਫਾਰ ਅਮਰੀਕਨ ਪਾਲਿਸੀ ਦੀ ਇਕ ਰਿਪੋਰਟ ਅਨੁਸਾਰ ਸਾਲ 2018 ਦੀ ਤੁਲਨਾ ਵਿਚ ਹਾਲਾਂਕਿ 2019 ਵਿਚ ਅਰਜ਼ੀਆਂ ਨੂੰ ਖ਼ਾਰਜ ਕੀਤੇ ਜਾਣ ਦੀ ਦਰ 24 ਤੋਂ ਘੱਟ ਕੇ 21 ਫ਼ੀਸਦੀ ਰਹਿ ਗਈ। ਸਰਕਾਰੀ ਅੰਕੜਿਆਂ ਦੇ ਅਧਿਐਨ ਦੇ ਆਧਾਰ 'ਤੇ ਇਸ ਸੰਗਠਨ ਨੇ ਦੱਸਿਆ ਕਿ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀਸੀਐੱਸ), ਵਿਪਰੋ ਅਤੇ ਇੰਫੋਸਿਸ ਵਰਗੀਆਂ ਭਾਰਤੀ ਆਈਟੀ ਕੰਪਨੀਆਂ ਦੀਆਂ ਅਰਜ਼ੀਆਂ ਨੂੰ ਖ਼ਾਰਜ ਕੀਤੇ ਜਾਣ ਦੀ ਦਰ ਸਭ ਤੋਂ ਜ਼ਿਆਦਾ ਰਹੀ ਜਦਕਿ ਐਮਾਜ਼ੋਨ ਅਤੇ ਗੂਗਲ ਵਰਗੀਆਂ ਅਮਰੀਕੀ ਕੰਪਨੀਆਂ ਲਈ ਇਹ ਦਰ ਘੱਟ ਪਾਈ ਗਈ। ਯਾਨੀ ਭਾਰਤੀ ਕੰਪਨੀਆਂ ਦੀ ਤੁਲਨਾ ਵਿਚ ਇਨ੍ਹਾਂ ਦੀਆਂ ਅਰਜ਼ੀਆਂ ਬੇਹੱਦ ਘੱਟ ਖ਼ਾਰਜ ਹੋਈਆਂ। ਟੀਸੀਐੱਸ ਦੀਆਂ ਅਰਜ਼ੀਆਂ ਨੂੰ ਖ਼ਾਰਜ ਕਰਨ ਦੀ ਦਰ 31 ਫ਼ੀਸਦੀ ਰਹੀ ਜਦਕਿ ਇੰਫੋਸਿਸ, ਵਿਪਰੋ ਅਤੇ ਟੈੱਕ ਮਹਿੰਦਰਾ ਲਈ ਇਹ ਦਰ ਕ੍ਰਮਵਾਰ 31 ਫ਼ੀਸਦੀ, 47 ਫ਼ੀਸਦੀ ਅਤੇ 37 ਫ਼ੀਸਦੀ ਸੀ। ਦੂਜੇ ਪਾਸੇ ਸਾਲ 2019 ਵਿਚ ਐਮਾਜ਼ੋਨ ਅਤੇ ਗੂਗਲ ਦੀਆਂ ਵੀਜ਼ਾ ਅਰਜ਼ੀਆਂ ਨੂੰ ਨਾਮਨਜ਼ੂਰ ਕਰਨ ਦੀ ਦਰ ਸਿਰਫ਼ ਚਾਰ ਫ਼ੀਸਦੀ ਸੀ। ਫਾਊਂਡੇਸ਼ਨ ਫਾਰ ਅਮਰੀਕਨ ਪਾਲਿਸੀ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਉਮੀਦ ਹੈ ਕਿ ਇਸ ਸਾਲ ਟਰੰਪ ਪ੍ਰਸ਼ਾਸਨ ਐੱਚ-1ਬੀ ਵੀਜ਼ਾ ਲਈ ਨਵੇਂ ਨਿਯਮ ਜਾਰੀ ਕਰ ਸਕਦਾ ਹੈ। ਇਸ ਨਾਲ ਅਮਰੀਕਾ ਵਿਚ ਕੰਮ ਕਰਨ ਵਾਲੀਆਂ ਕੰਪਨੀਆਂ ਲਈ ਉੱਚ ਸਿੱਖਿਅਤ ਵਿਦੇਸ਼ੀ ਨਾਗਰਿਕਾਂ ਨੂੰ ਨੌਕਰੀ 'ਤੇ ਰੱਖਣਾ ਹੋਰ ਕਠਿਨ ਹੋ ਜਾਵੇਗਾ। ਐੱਚ-1ਬੀ ਵੀਜ਼ਾ ਭਾਰਤੀ ਆਈਟੀ ਪੇਸ਼ੇਵਰਾਂ ਵਿਚ ਕਾਫ਼ੀ ਲੋਕਪ੍ਰਿਆ ਹੈ। ਇਸ ਵੀਜ਼ੇ ਦੇ ਆਧਾਰ 'ਤੇ ਅਮਰੀਕੀ ਕੰਪਨੀਆਂ ਵਿਦੇਸ਼ੀਆਂ ਨੂੰ ਨੌਕਰੀ 'ਤੇ ਰੱਖਦੀਆਂ ਹਨ ਪ੍ਰੰਤੂ ਡੋਨਾਲਡ ਟਰੰਪ ਦੇ ਸੱਤਾ ਵਿਚ ਆਉਣ ਪਿੱਛੋਂ ਇਨ੍ਹਾਂ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਗਿਆ ਹੈ। ਅਮਰੀਕਾ ਵਿਚ ਸਾਧਾਰਨ ਸ਼੍ਰੇਣੀ ਵਿਚ ਸਾਲਾਨਾ 65 ਹਜ਼ਾਰ ਐੱਚ-1ਬੀ ਵੀਜ਼ਾ ਜਾਰੀ ਕੀਤੇ ਜਾਂਦੇ ਹਨ। ਇਸ ਦੇ ਇਲਾਵਾ 20 ਹਜ਼ਾਰ ਵੀਜ਼ੇ ਅਮਰੀਕੀ ਯੂਨੀਵਰਸਿਟੀਆਂ ਤੋਂ ਉੱਚ ਸਿੱਖਿਆ ਹਾਸਲ ਕਰਨ ਵਾਲਿਆਂ ਨੂੰ ਜਾਰੀ ਕੀਤੇ ਜਾਂਦੇ ਹਨ।





**Indian Grill**

Indiangrillsanleandro.com
Pal343@ yahoo.com
510-878-2704, 510-332-1074 Mobile
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

We do Outdoor & Indoor Catering for all your Events
1600 Washington Ave.
San Leandro.CA 94577



**GINNY WALIA**
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

**BAGGA JEWELERS**
916-912-8842, 916-329-8772
SINCE 1996
jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



**MAJESTIC HOMES**
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਗੁਰਪੁਰਬ ਅਤੇ ਨਗਰ ਕੀਰਤਨ ਮੌਕੇ ਹਾਜ਼ਰੀਆਂ ਭਰਦੇ ਹੋਏ























# ੧ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰੁ ਧਰੈ ॥1॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਉਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥1॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥


**ਵਿਨੋਦ ਕੁਮਾਰ ਚੁੰਬਰ**
**ਚੇਅਰਮੈਨ (510)-953-9800**
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਐਸੀ ਲਾਲ ਤੁਝ ਬਿਨ ਕਾਉਨ ਕਰੈ।। ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।

ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।




# ਅਜੈਬ ਸਿੰਘ ਸੁੰਡਾ
## (ਪ੍ਰਧਾਨ)
## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ, ਸੇਲਮਾ

ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਮਿਤੀ 20, 21, 22 ਮਾਰਚ 2020 ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 20 ਮਾਰਚ 2019 ਦਿਨ ਸ਼ੁੱਕਰਵਾਰ ਨੂੰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ। 21 ਮਾਰਚ ਨੂੰ 5.30 ਤੋਂ 7 ਵਜੇ ਤੱਕ ਬੱਚਿਆਂ ਵੱਲੋਂ ਕੀਰਤਨ ਹੋਵੇਗਾ। 22 ਮਾਰਚ ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਸ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਇਸ ਮੌਕੇ ਪ੍ਰਸਿੱਧ ਰਾਗੀ/ਕੀਰਤਨ ਜਥੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।



## ਪ੍ਰੋਗਰਾਮਾਂ ਦਾ ਵੇਰਵਾ

**20 ਮਾਰਚ 2020** ਦਿਨ ਸ਼ੁੱਕਰਵਾਰ ਸਵੇਰੇ 9-10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਅਤੇ 10.30 ਵਜੇ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ।

**21 ਮਾਰਚ** ਨੂੰ 5.30 ਤੋਂ 7 ਵਜੇ ਤੱਕ ਕੀਰਤਨ ਹੋਵੇਗਾ।

**22 ਮਾਰਚ** ਨੂੰ 10:30 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਉਤਸ਼ਾਹ ਨਾਲ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸੰਗਤ ਦੇ ਸੇਵਾਦਾਰ**

ਗੁਰੂ ਘਰ ਦਾ ਫੋਨ ਨੰਬਰ 559-891-8286, ਮਾਸਟਰ ਗੁਰਬਚਨ ਸਿੰਘ 559-375-4691, ਦੇਵਰਾਜ ਸਿੰਘ 559-916-6202
ਸੁਲੱਖਣ ਸਿੰਘ 559-285-1288, ਮਨੋਹਰ ਗਾਦੜਾ 559-546-3437

**2650 Blaine Avenue Selma (CA) 93662**





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਫਰਿਜ਼ਨੋ ਨਿਵਾਸੀ ਪਾਲ ਸਹੋਤਾ ਬਣੇ ਐਨ.ਆਰ.ਆਈ.ਸਭਾ ਪੰਜਾਬ ਦੇ ਪ੍ਰਧਾਨ

**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਪਿਛਲੇ ਦਿਨੀ ਪੰਜਾਬ ਅੰਦਰ ਹੋਈਆਂ ਐਨ. ਆਰ. ਆਈ. ਸਭਾ ਪੰਜਾਬ ਦੀਆਂ ਚੋਣਾਂ ਵਿੱਚ ਫਰਿਜ਼ਨੋ ਨਿਵਾਸੀ ਉੱਘੇ ਕਾਰੋਬਾਰੀ ਪਾਲ ਸਹੋਤਾ (ਕਿਰਪਾਲ ਸਿੰਘ ਸਹੋਤਾ) ਨੇ ਆਪਣੇ ਵਿਰੋਧੀ ਜਸਵੀਰ ਸਿੰਘ ਗਿੱਲ ਨੂੰ 160 ਵੋਟਾਂ ਨਾਲ ਹਰਾਕੇ ਐਨ. ਆਰ. ਆਈ. ਸਭਾ ਪੰਜਾਬ ਦੀ ਪ੍ਰਧਾਨਗੀ ਆਪਣੇ ਨਾਮ ਕੀਤੀ। ਸ਼ਨੀਵਾਰ ਸਵੇਰੇ 9 ਵਜੇ ਵੋਟਾਂ ਪੈਣੀਆ ਸ਼ੁਰੂ ਹੋਈਆ 'ਤੇ ਸ਼ਾਮ ਤੱਕ ਮੱਠੀ ਰਫ਼ਤਾਰ ਨਾਲ ਜਾਰੀ ਰਹੀਆਂ। ਸ਼ਾਮ 5 ਵਜੇ ਤੱਕ ਸਭਾ ਦੇ ਮਸੀ ਡੇਢ ਫੀਸਦੀ ਵੋਟਰਾਂ ਨੇ ਵੋਟਿੰਗ ਕੀਤੀ। ਕੁੱਲ 22923 ਮੈਂਬਰਾਂ ਵਾਲੀ ਐਨ. ਆਰ. ਆਈ. ਸਭਾ ਦੇ ਪ੍ਰਧਾਨ ਦੇ ਅਹੁਦੇ ਲਈ ਇਹਨਾਂ ਵਿੱਚੋਂ ਸਿਰਫ 360 ਮੈਂਬਰ ਹੀ ਵੋਟ ਪਾਉਣ ਲਈ ਮੈਦਾਨ ਵਿੱਚ ਆਏ। ਇਹਨਾਂ ਵਿੱਚੋਂ 260 ਵੋਟ ਪਾਲ ਸਿੰਘ ਸਹੋਤਾ ਦੇ ਹੱਕ ਵਿੱਚ ਪਏ 'ਤੇ ਸਿਰਫ 100 ਵੋਟ ਵਿਰੋਧੀ ਜਸਵੀਰ ਸਿੰਘ ਗਿੱਲ ਨੂੰ ਪਏ 'ਤੇ 2 ਵੋਟਾਂ ਰੱਦ ਹੋ ਗਈਆ। ਇਸ ਵਾਰ ਸਭਾ ਦੀ ਪ੍ਰਧਾਨਗੀ ਲਈ ਸਿਰਫ ਦੋ ਉਮੀਦਵਾਰਾਂ ਵਿੱਚ ਹੀ ਮੁੱਖ ਮੁਕਾਬਲਾ ਸੀ, ਤੀਸਰੇ ਉਮੀਦਵਾਰ ਪ੍ਰੀਤਮ ਸਿੰਘ ਨੇ ਸ਼ੁੱਕਰਵਾਰ ਆਪਣਾ ਨਾਮ ਵਾਪਸ ਲੈਂਦਿਆਂ ਪਾਲ ਸਹੋਤਾ ਦਾ ਸਮਰਥਨ ਕਰਨ ਦਾ ਐਲਾਨ ਕਰ ਦਿੱਤਾ ਸੀ। ਇਸ ਵਾਰ ਦੀ ਸਭਾ ਦੀ ਚੋਣ ਵਿੱਚ





ਅਮਰੀਕਾ, ਫਰਾਂਸ, ਇੰਗਲੈਂਡ, ਕਨੇਡਾ, ਆਸਟਰੇਲੀਆ ਆਦਿ ਦੇਸ਼ਾਂ ਦੇ ਐਨ. ਆਰ. ਆਈਜ਼ ਨੇ ਭਾਗ ਲਿਆ। ਐਨ. ਆਰ. ਆਈ. ਸਭਾ ਪੰਜਾਬ ਦੀ ਪਹਿਲੀ ਚੋਣ 2010 ਵਿੱਚ ਹੋਈ ਸੀ ਅਤੇ ਉਸ ਸਮੇਂ 12.5% ਵੋਟਿੰਗ ਹੋਈ ਸੀ। ਇਸ ਬਾਅਦ 2013 ਵਿੱਚ 9.22% ਵੋਟਿੰਗ ਹੋਈ ਅਤੇ ਇਸ ਵਾਰ ਸਿਰਫ 1.5% ਵੋਟਿੰਗ ਹੋਈ। ਇਸ ਵਾਰ ਜ਼ਿਆਦਾ ਘੱਟ ਵੋਟਿੰਗ ਲਈ ਸ਼ਾਇਦ ਕਰੋਨਾਂ ਵਾਇਰਸ ਕਰਕੇ ਟਰੈਵਲ ਬੈਂਨ ਵਗੈਰਾ ਵੀ ਜ਼ੁੰਮੇਵਾਰ ਹੋ ਸਕਦਾ ਹੈ। ਕੁਲ ਮਿਲਾਕੇ ਪਾਲ ਸਹੋਤਾ ਦੀ ਜਿੱਤ ਕਾਰਨ ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਅੰਦਰ ਖ਼ੁਸ਼ੀ ਦੀ ਲਹਿਰ ਹੈ। ਪਾਲ ਸਹੋਤਾ ਇਲਾਕੇ ਦੀ ਜਾਣੀ-ਪਹਿਚਾਣੀ ਸਖਸ਼ੀਅਤ ਹੈ। ਉਹ ਹਮੇਸਾ ਪਾਰਟੀ ਅਤੇ ਹੋਰ ਵਿਤਕਰੇ ਤੋਂ ਉਪਰ ਉੱਠ ਕੇ ਸਮਾਜਿਕ ਕੰਮਾਂ ਅਤੇ ਲੋਕਾਂ ਨਾਲ ਹਰ ਵੇਲੇ ਮਦਦ ਲਈ ਖੜਨ ਵਾਲਾ ਇਨਸਾਨ ਹੈ। ਖਾਸ ਤੌਰ 'ਤੇ ਉਹ ਪਹਿਲਾ ਤੋਂ ਪ੍ਰਦੇਸੀਆਂ ਦੀਆ ਸਮੱਸਿਆਵਾ ਨੂੰ ਭਾਰਤ ਸਰਕਾਰ ਦੇ ਨਾਲ ਸਾਂਝਾ ਕਰਦਾ ਰਿਹਾ ਹੈ ਅਤੇ ਉਨ੍ਹਾਂ ਦੇ ਹੱਲ ਕਰਨ ਲਈ ਯਤਨਸੀਲ ਵੀ ਰਿਹਾ। ਇਸ ਕਰਕੇ ਨਿਵਾਸੀ ਵੀ ਆਪਣੇ ਮਹਿਬੂਬ ਲੀਡਰ ਪਾਲ ਸਹੋਤਾਂ ਦੀ ਜਿੱਤ ਦੇ ਜਸ਼ਨ ਮਨ-ਾਉਦੇ ਨਜ਼ਰ ਆਏ। ਇਸ ਮੌਕੇ ਫੋਨ 'ਤੇ ਗੱਲ-ਬਾਤ ਕਰਦਿਆਂ ਪਾਲ ਸਹੋਤਾਂ ਨੇ ਕਿਹਾ ਕਿ ਉਹ ਸਮੂਹ ਵੋਟਰਾਂ ਦਾ ਧੰਨਵਾਦ ਕਰਦੇ ਹਨ ਅਤੇ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠਕੇ, ਬਿਨਾਂ ਕਿਸੇ ਭੇਦਭਾਵ ਐਨ. ਆਰ. ਆਈ. ਭੈਂਣ-ਭਰਾਵਾਂ ਦੇ ਮਸਲੇ ਪਹਿਲ ਦੇ ਅਧਾਰ ਤੇ ਉਠਾਉਣਗੇ, 'ਤੇ ਉਹਨਾਂ ਨੂੰ ਹੱਲ ਕਰਵਾਉਣ ਲਈ ਹਰ ਸਾਰਥਿਕ ਉਪਰਾਲਾ ਕਰਨਗੇ। ਪਾਲ ਸਿੰਘ ਸਹੋਤਾ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਐਨ. ਆਰ. ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਵੋਟਾਂ ਨਾਲ ਹੋਵੇ, ਸਗੋਂ ਉਹ ਸਰਬ-ਸੰਮਤੀ ਦੇ ਹੱਕ ਵਿੱਚ ਹਨ। ਉਹਨਾਂ ਕਿਹਾ ਕਿ ਉਹ ਜਲਦ ਅਮਰੀਕਾ ਪਰਤਣਗੇ ਤੇ ਆਪਣੇ ਦਫਤਰ ਜ਼ਰੀਏ ਐਨ. ਆਰ. ਆਈ. ਸਭਾ ਪੰਜਾਬ ਲਈ ਫ਼ੋਨ ਨੰਬਰ ਵਗੈਰਾ ਜਾਰੀ ਕਰਨਗੇ ਤਾਂ ਜੋ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਮਸਲਿਆਂ ਨੂੰ ਸੁਣਕੇ ਪੰਜਾਬ ਸਰਕਾਰ ਤੱਕ ਪਹੁੰਚਾਇਆ ਜਾ ਸਕੇ। ਉਹਨਾਂ ਸਮੂੰਹ ਐਨ. ਆਰ. ਆਈਜ਼ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ।

# ਕੈਲੀਫੋਰਨੀਆ ਵਿੱਚ ਪਹਿਲੀ ਕੋਰੋਨਾਵਾਇਰਸ ਮੌਤ ਤੋਂ ਬਾਅਦ ਐਮਰਜੈਂਸੀ

## ਐਲਕ ਗਰੋਵ ਯੂਨੀਫਾਈਡ ਸਕੂਲ ਡਿਸਟ੍ਰਿਕ ਵਲੋਂ ਸਾਰੇ ਸਕੂਲ ਬੰਦ ਕਰਨ ਦਾ ਐਲਾਨ

**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਨੇ ਆਪਣੀ ਪਹਿਲੀ ਕੋਰੋਨਾਵਾਇਰਸ ਮੌਤ ਦੀ ਘੋਸ਼ਣਾ ਕਰਨ ਤੋਂ ਬਾਅਦ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ, ਜਿਸ ਨਾਲ ਅਮਰੀਕਾ ਵਿੱਚ ਕੋਰੋਨਾਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 11 ਹੋ ਗਈ ਹੈ। ਕੈਲੀਫੋਰਨੀਆ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ 71 ਸਾਲਾ ਵਿਅਕਤੀ ਦੀ ਸਿਹਤ ਬਹੁਤ ਗੰਭੀਰ ਸੀ ਅਤੇ ਉਹ ਕਰੂਜ਼ ਸਮੁੰਦਰੀ ਜਹਾਜ਼ ਵਿੱਚ ਸਵਾਰ ਸੀ। ਗ੍ਰਾਂਡ ਪ੍ਰਿੰਸੈਸ ਕਰੂਜ਼ ਸਮੁੰਦਰੀ ਜਹਾਜ਼ ਵਿਚ ਜੋ ਕੈਲੀਫੋਰਨੀਆ ਦੇ ਤੱਟ ਤੋਂ ਚਲਿਆ ਸੀ ਵਿੱਚ 11 ਯਾਤਰੀ ਅਤੇ ਚਾਲਕ ਦਲ ਦੇ 10 ਮੈਂਬਰ ਕੋਰੋਨਾਵਾਇਰਸ ਤੋਂ ਪ੍ਰਭਾਵਿਤ ਸਨ । ਹੁਣ 16 ਰਾਜਾਂ ਵਿਚ ਹੁਣ ਤੱਕ ਕੋਰੋਨਾਵਾਇਰਸ ਦੇ ਘੱਟੋ ਘੱਟ 150 ਅਮਰੀਕੀ ਮਰੀਜ਼ ਦੱਸੇ ਗਏ ਹਨ। ਵਿਸ਼ਵ-ਵਿਆਪੀ, ਅਧਿਕਾਰੀਆਂ ਨੇ ਵਾਇਰਸ ਦੇ 92,000 ਤੋਂ ਵੱਧ ਮਾਮਲਿਆਂ ਦੀ ਪੁਸ਼ਟੀ ਕੀਤੀ ਹੈ, ਜਿਨ੍ਹਾਂ ਵਿੱਚੋਂ 80,000 ਤੋਂ ਵੱਧ ਚੀਨ ਵਿੱਚ ਹਨ। ਵਿਸ਼ਵ ਵਿਆਪੀ ਪੱਧਰ 'ਤੇ 3,000 ਤੋਂ ਵੱਧ ਲੋਕਾਂ ਦੀ ਮੌਤਾਂ ਹੋ ਚੁੱਕੀਆਂ ਹਨ, ਬਹੁਤ ਸਾਰੇ ਲੋਕ ਚੀਨ ਵਿਚ ਮਾਰੇ ਗਏ ਜਿਥੇ ਵਾਇਰਸ ਪੈਦਾ ਹੋਏ ਸਨ। ਕੋਰੋਨਾਵਾਇਰਸ ਨਾਲ ਅਮਰੀਕਾ ਦੀਆਂ 11 ਵਿੱਚੋਂ 10 ਮੌਤਾਂ ਵਾਸ਼ਿੰਗਟਨ ਰਾਜ ਵਿੱਚ ਹੋਈਆਂ।ਇਸ ਦੌਰਾਨ ਵਾਸ਼ਿੰਗਟਨ




ਅਤੇ ਫਲੋਰਿਡਾ ਨੇ ਕੋਰੋਨਵਾਇਰਸ ਨੂੰ ਰੋਕਣ ਲਈ ਸਹਾਇਤਾ ਲਈ ਹਫਤੇ ਦੇ ਅਖੀਰ ਵਿਚ ਐਮਰਜੈਂਸੀ ਦਾ ਐਲਾਨ ਕੀਤਾ ਸੀ ਤੇ ਹੁਣ ਕੈਲੀਫੋਰਨੀਆਂ ਨੇ ਕਰ ਦਿੱਤਾ।ਅਧਿਕਾਰੀਆਂ ਨੇ ਕਿਹਾ ਹੈ ਕਿ ਐਮਰਜੈਂਸੀ ਦੀ ਸਥਿਤੀ ਵੱਖ ਵੱਖ ਇਲਾਜਾਂ ਦੇ ਸਰੋਤਾਂ ਦੀ ਵੰਡ ਨੂੰ ਤੇਜ਼ ਕਰਨ ਲਈ ਹੈ ਅਤੇ ਇਹ ਦਹਿਸ਼ਤ ਦਾ ਕਾਰਨ ਨਹੀਂ ਹੋਣਾ ਚਾਹੀਦੀ।

ਕੈਲੀਫੋਰਨੀਆ ਵਿੱਚ ਕਰੋਨਾ ਵਾਇਰਸ ਦੀ ਦਹਿਸ਼ਤ ਇਸ ਕਦਰ ਹੈ ਕਿ ਐਲਕ ਗਰੋਵ ਯੂਨੀਫਾਈਡ ਸਕੂਲ ਡਿਸਟ੍ਰਿਕ ਨੇ ਅੱਜ ਸਾਰੇ ਸਕੂਲ ਬੰਦ ਕਰਨ ਦਾ ਐਲਾਨ ਕਰ ਦਿੱਤਾ ਤੇ ਸਾਰੀਆਂ ਕਲਾਸਾਂ ਕਲਾਸਾਂ ਰੱਦ ਕਰ ਦਿੱਤੀਆਂ, ਇਹ ਇਕ ਪਰਿਵਾਰ ਨੂੰ ਕਰੋਨਾ ਵਾਇਰਸ ਦੇ ਲੱਛਣ ਪਾਉਣ ਤੇ ਫੈਸਲਾ ਲਿਆ ਗਿਆ। ਇਹ ਸਾਰੇ ਸਕੂਲ 13 ਮਾਰਚ ਤੱਕ ਬੰਦ ਰਹਿਣਗੇ। ਉਚ ਅਧਿਕਾਰੀਆਂ ਨੇ ਸ਼ਨੀਵਾਰ ਦੁਪਹਿਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਅਸੀਂ ਪਰਿਵਾਰਕ ਮੈਂਬਰਾਂ ਦੇ ਕੇਸਾਂ ਦੀ ਪੁਸ਼ਟੀ ਕੀਤੀ ਹੈ, ਪਰ ਐਲਕ ਗਰੋਵ ਯੂਨੀਫਾਈਡ ਦੇ ਕਿਸੇ ਵੀ ਵਿਦਿਆਰਥੀ ਜਾਂ ਕਰਮਚਾਰੀ ਦਾ ਪੋਜੀਟਿਵ ਟੈਸਟ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਕਿ ਬਾਸਕਟਬਾਲ ਖੇਡਾਂ ਅਤੇ ਹੋਰ ਕੁਝ ਗਤੀਵਿਧੀਆਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਸੈਕਰਾਮੈਂਟੋ ਕਾਉਂਟੀ ਦੇ ਜਨ ਸਿਹਤ ਵਿਭਾਗ ਜਾਂ ਸੈਕਰਾਮੈਂਟੋ ਵਿੱਚ ਚੁਣੇ ਹੋਏ ਅਧਿਕਾਰੀਆਂ ਦੇ ਵਿਚਕਾਰ ਆਪਸੀ ਤਾਲਮੇਲ ਦੀ ਘਾਟ ਵੀ ਦੱਸੀ ਜਾ ਰਹੀ ਹੈ ,ਪਰ ਪ੍ਰਬੰਧਕਾਂ ਵਲੋਂ ਮਾਪਿਆਂ ਨੂੰ ਇੱਕ ਪੱਤਰ ਵਿੱਚ ਕਿਹਾ ਗਿਆ ਹੈ ਕਿ " ਗੁੰਝਲਦਾਰ ਇਸ ਫੈਸਲੇ ਵਿਚ ਸਾਡੇ ਟਰੱਸਟੀ ਬੋਰਡ, ਲੇਬਰ ਸਮੂਹਾਂ, ਸੈਕਰਾਮੈਂਟੋ ਕਾਉਂਟੀ ਆਫਿਸ ਐਜੂਕੇਸ਼ਨ ਅਤੇ ਸੈਕਰਾਮੈਂਟੋ ਕਾਉਂਟੀ ਪਬਲਿਕ ਹੈਲਥ ਵਿਭਾਗ ਆਪਸੀ ਸਹਿਯੋਗ ਅਤੇ ਤਾਲਮੇਲ ਰੱਖ ਰਹੇ ਹਨ।

## ਗੁਰੂ ਨਾਨਕ ਦੇਵ ਜੀ ਦੇ 550 ਵੇ ਗੁਰਪੁਰਬ ਨੂੰ ਸਮਰਪਿਤ 14 ਮਾਰਚ ਨੂੰ ਵਿਸ਼ੇਸ਼ ਸੈਮੀਨਾਰ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਕੈਲੀਫੋਰਨੀਆਂ ਦੇ ਸਮੂੰਹ ਗੁਰੂਘਰਾ ਦੀ ਸਾਂਝੀ ਕਮੇਟੀ 'ਸਿੱਖ ਕੌਂਸ਼ਲ ਆਫ ਸੈਂਟਰਲ ਕੈਲੀਫੋਰਨੀਆਂ' ਵੱਲੋਂ 14 ਮਾਰਚ 2020, ਦਿਨ ਸ਼ਨੀਵਾਰ ਸਵੇਰੇ 10:30 ਤੋਂ ਸ਼ਾਮ 3:30 ਤੱਕ ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਦੇ 'ਸੈਟਲਾਈਟ ਸਟੂਡੈਂਟ ਯੂਨੀਅਨ ਹਾਲ' 2485 ਓ. ਅਨ੍ਰਅਮੋਨ, ਛਓ ਵਿੱਚ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜਿਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਹੈ ਕਿ ਇਸ ਸੈਮੀਨਾਰ ਦੀਆ ਤਿਆਰੀਆ ਮੁਕੰਮਲ ਕਰ ਲਈਆ ਗਈਆ ਹਨ। ਇਹ ਸੈਮੀਨਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਨੂੰ ਸਮਰਪਿਤ ਹੋਵੇਗਾ। ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਧਾਤਾ ਬਾਰੇ ਪ੍ਰਮੁੱਖ ਚਾਰ ਫ਼ਿਲਾਸਫ਼ਰ ਆਪਣੀ ਖੋਜ ਦੇ ਅਧਾਰਤ ਵਿਚਾਰ ਪੇਸ਼ ਕਰਨਗੇ। ਇਸ ਸੈਮੀਨਾਰ ਦਾ ਮੰਤਵ ਧਰਮ ਤੋਂ ਦੂਰ ਹੋ ਰਹੇ ਸਾਡੇ ਬੱਚਿਆ ਨੂੰ ਧਾਰਮਿਕ ਕਦਰਾ-ਕੀਮਤਾਂ ਤੋਂ ਜਾਣੂ ਕਰਵਾਉਣ, ਗ਼ੈਰ ਸਿੱਖ ਵੱਖ-ਵੱਖ ਧਰਮਾ ਅਤੇ ਦੇਸ਼ਾਂ ਦੇ ਲੋਕਾਂ ਨੂੰ ਸਿੱਖ ਇਤਿਹਾਸ ਅਤੇ ਗੁਰਸਿੱਖੀ ਤੋਂ ਜਾਣੂ ਕਰਵਾਉਣਾ ਹੈ।

ਇਸ ਕਰਕੇ ਇਹ ਸਾਰਾ ਸੈਮੀਨਾਰ ਅੰਗਰੇਜ਼ੀ ਭਾਸ਼ਾ ਵਿੱਚ ਹੋਵੇਗਾ। ਇਸ ਵਿੱਚ ਪਹੁੰਚ ਰਹੇ ਪ੍ਰਮੁੱਖ ਚਾਰ ਬੁਲਾਰੇ ਡਾ. ਇਕਤਿਆਰ ਚੀਮਾਂ, ਪ੍ਰੋ. ਬਲਵੰਤ ਸਿੰਘ ਢਿੱਲੋ, ਡਾ. ਪ੍ਰਿਆ ਲਾਲ ਗਰਗ ਅਤੇ ਡਾ. ਸ੍ਰੀ ਮਤੀ ਮਨੀਸਾ ਬੰਗੜ ਹੋਣਗੇ। ਇਸ ਤੋਂ ਇਲਾਵਾ ਹੋਰ ਬੁਲਾਰੇ ਵੀ ਸਿੱਖ ਧਰਮ ਪ੍ਰਤੀ ਜਾਣਕਾਰੀ ਭਰਪੂਰ ਵਿਚਾਰਾ ਦੀ ਸਾਂਝ ਪਾਉਣਗੇ। ਸਮੁੱਚੇ ਪ੍ਰੋਗਰਾਮ ਦੌਰਾਨ ਇਲਾਕੇ ਦੇ ਸ਼ਿਟੀ ਕੌਂਸ਼ਲ ਮੈਂਬਰ ਕਮੇਟੀਆਂ, ਬਹੁਤ ਸਾਰੇ ਵੱਖ-ਵੱਖ ਧਰਮਾਂ ਦੇ ਅਤੇ ਭਾਈਚਾਰਿਆ ਦੇ ਲੋਕ ਹਾਜ਼ਰ ਹੋਣਗੇ। ਜਿੰਨਾਂ ਨੂੰ ਸਿੱਖ ਧਰਮ ਦੀ ਪਹਿਚਾਣ ਅਤੇ ਸਿਧਾਤਾ ਤੋਂ ਜਾਣੂ ਕਰਵਾਇਆ ਜਾਵੇਗਾ। ਸਮੁੱਚਾ ਪ੍ਰੋਗਰਾਮ ਗੁਰੂ ਨਾਨਕ ਦੇਵ ਹੀ ਦੇ ਮਿਸ਼ਨ ਅਤੇ ਸਿਧਾਤਾ 'ਤੇ ਅਧਾਰਤ ਹੋਵੇਗਾ।

ਇਸ ਸੈਮੀਨਾਰ ਸੰਬੰਧੀ ਵਧੇਰੇ ਜਾਣਕਾਰੀ ਸੁਖਦੇਵ ਸਿੰਘ ਚੀਮਾ ਨਾਲ ਫ਼ੋਨ ਨੰਬਰ (559) 300-0711'ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਬੰਧਕਾਂ ਵੱਲੋਂ ਸਮੁੱਚੇ ਪੰਜਾਬੀ ਅਤੇ ਅਮਰੀਕਨ ਭਾਈਚਾਰੇ ਨੂੰ ਪਰਿਵਾਰਾ ਸਮੇਤ ਸੈਮੀਨਾਰ ਵਿੱਚ ਸਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।

## ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਨੂੰ ਇਤਿਹਾਸਕਤਾ ਦਾ ਦਰਜਾ ਦਿਵਾਉਣ ਲਈ ਉਪਰਾਲੇ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਗੁਰੂ ਨਾਨਕ ਸਿੱਖ ਟੈਂਪਲ ਸੈਂਟਰਲ ਵੈਲੀ ਕੈਲੀਫੋਰਨੀਆਂ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ। ਜੇ ਇਤਿਹਾਸਕਤਾ ਦੀ ਗੱਲ ਕਰੀਏ ਤਾਂ ਕੈਲੀਫੋਰਨੀਆਂ ਵਿੱਚ ਪਹਿਲਾ ਸਟਾਕਟਨ ਸ਼ਹਿਰ ਵਿਖੇ ਗਦਰੀ ਬਾਬਿਆਂ ਨੇ ਗੁਰਦੁਆਰਾ ਸਥਾਪਿਤ ਕੀਤਾ। ਇਸ ਉਪਰੰਤ ਯੂਬਾ ਸਿਟੀ ਸ਼ਹਿਰ ਵਿਖੇ ਗੁਰਦੁਆਰਾ ਬਣਾਇਆ ਗਿਆ। ਇਸ ਬਾਅਦ ਜਦੋਂ ਪੰਜਾਬੀ ਭਾਈਚਾਰਾ ਆਪਣੇ ਖੇਤੀ-ਬਾੜੀ ਵਾਲੇ ਕੰਮਾਂ ਦੀ ਭਾਲ ਵਿੱਚ ਫਰਿਜ਼ਨੋ



ਨਜ਼ਦੀਕੀ ਕਸਬੇ ਸਨਵਾਕੀਨ ਵਿੱਚ ਆ ਵਸਿਆ। ਇੱਥੋ ਦੀਆ ਸੰਗਤਾਂ ਵਿੱਚ ਹਰ ਹਫ਼ਤੇ ਲਗਭਗ ਤਿੰਨ ਤੋਂ ਚਾਰ ਘੰਟੇ ਗੱਡੀ ਚਲਾ ਐਤਵਾਰ ਦੀ ਛੁੱਟੀ ਦੇ ਦਿਨ ਸਟਾਕਟਨ ਜਾਂ ਯੂਬਾ ਸਿਟੀ ਦੇ ਗੁਰੂਘਰ ਜਾਣਾ ਬਹੁਤ ਔਖਾ ਹੁੰਦਾ ਸੀ। ਇਸੇ ਕਰਕੇ ਇਲਾਕੇ ਅੰਦਰ ਆ ਵਸੀ ਸੰਗਤ ਨੇ ਰਲ ਕੇ 1970 ਦੇ ਦਹਾਕੇ ਵਿੱਚ ਗੁਰੂਘਰ ਦੀ ਸਥਾਪਨਾ ਇਕ ਸਟੋਰ ਦੀ ਬਹੁਤ ਵੱਡੀ ਦੋ-ਮੰਜਲਾ ਇਮਾਰਤ ਲੈ ਕੇ ਕੀਤੀ। ਗੁਰਦੁਆਰਾ ਸਾਹਿਬ ਅੱਜ ਤੱਕ ਸੰਗਤਾਂ ਨੂੰ ਸੇਵਾਵਾ ਦੇ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਇਮਾਰਤ ਨੂੰ ਬਣਿਆਂ 100 ਸਾਲ ਤੋਂ ਵਧੀਕ ਸਮਾਂ ਹੋ ਗਿਆ ਹੈ। ਜਦ ਕਿ ਗੁਰੂਘਰ ਸਥਾਪਿਤ ਕੀਤੇ ਨੂੰ 70 ਸਾਲ ਦੇ ਲੱਗਭਗ ਹੋ ਗਏ ਹਨ। ਇਲਾਕੇ ਦੀ ਇਹ ਸਭ ਤੋਂ ਪੁਰਾਣੀ ਇਮਾਰਤ ਹੈ।

ਜਿਸ ਦੀ ਆਸਥਾ ਸਿੱਖ ਧਰਮ ਨਾਲ ਜੁੜ ਚੁੱਕੀ ਹੈ। ਇਲਾਕੇ ਦੀ ਸੰਗਤ ਅਤੇ ਸਿੱਖ ਸੰਸਥਾਵਾਂ ਦੁਆਰਾ ਇਸ ਗੁਰੂਘਰ ਨੂੰ ਇਤਿਹਾਸਕਤਾ ਦਾ ਦਰਜਾ ਦਿਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਸੰਬੰਧੀ ਆਉਣ ਵਾਲੇ ਦਿਨਾਂ ਵਿੱਚ ਸਥਾਨਿਕ ਫਰਿਜ਼ਨੋ ਕਾਉਟੀ ਦੇ ਸੁਪਰਵਾਈਜ਼ਰ ਅਤੇ ਹੋਰ ਅਧਿਕਾਰੀਆਂ ਦੀ ਮੰਨਜੂਰੀ ਲਈ ਕਾਰਵਾਈ ਹੋਵੇਗੀ। ਉਮੀਦ ਹੈ ਕਿ ਬਹੁਤ ਜਲਦ ਇਸ ਗੁਰੂਘਰ ਨੂੰ ਇਤਿਹਾਸਕਤਾ ਦੇ ਦਰਜੇ ਦਾ ਮਾਣ ਪ੍ਰਾਪਤ ਹੋਵੇਗਾ।

## ਸੈਕਰਾਮੈਂਟੋ, ਕੈਲੀਫੋਰਨੀਆ 'ਚ ਸ਼ਰਾਬ ਦੇ ਸਟੋਰ ਦੇ ਪੰਜਾਬੀ ਮਾਲਕ ਦੀ ਲੁੱਟ ਖੋਹ ਤੋਂ ਬਾਅਦ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) -** ਡਾਊਨਟਾਊਨ ਸੈਕਰਾਮੈਂਟੋ ਵਿੱਚ ਅੱਜ ਸ਼ਰਾਬ ਸਟੋਰ ਦੇ ਮਾਲਕ ਜਿਸਦਾ ਨਾਂ ਕੁਲਵਿੰਦਰ ਸਿੰਘ ਦੀ ਮੌਤ ਹੋ ਗਈ । ਇਕ ਵਿਆਕਤੀ ਜੋ ਜਿਸਨੇ ਪਹਿਲਾਂ ਇਕ ਬੀਅਰ ਚੁਰਾਈ ਤੇ ਫਿਰ ਕੁਲਵਿੰਦਰ ਸਿੰਘ ਨੇ ਉਸਦਾ ਪਿਛਾ ਕੀਤਾ ਤੇ ਗਾਹਕ ਨੇ ਉਸਨੂੰ ਪਿਛੇ ਧੱਕਾ ਮਾਰਿਆ ਤੇ ਕੁਲਵਿੰਦਰ ਸਿੰਘ ਦਾ ਸਿਰ ਫਰਸ਼ ਤੇ ਲੱਗਾ ਤੇ ਗੰਭੀਰ ਜਖਮੀ ਹੋ ਗਿਆ । ਕੁਲਵਿੰਦਰ ਸਿੰਘ ਦਾ ਪੰਜਾਬ ਤੋਂ ਸਬੰਧ ਧੂਰੀ ਇਲਾਕੇ ਨਾਲ ਦੱਸਿਆ ਜਾ ਰਿਹਾ ਹੈ। ਐਸ ਸਟ੍ਰੀਟ 'ਤੇ ਗੋਲਡ ਸਟਾਰ ਮਾਰਟ ਦੇ ਮਾਲਕ ਕੁਲਵਿੰਦਰ ਸਿੰਘ ਨੂੰ ਸਟੋਰ ਦੇ ਕਰਿੰਦੇ ਨੇ ਮੁਢਲੀ ਸਹਇਤਾ ਵੀ ਦਿੱਤੀ ਤੇ ਬਾਅਦ ਚ ਕੁਲਵਿੰਦਰ ਸਿੰਘ ਨੇ ਹਸਪਤਾਲ ਜਾ ਕੇ ਦਮ ਤੋੜ ਗਿਆ। ਇਹ ਘਟਨਾ ਕਰੀਬ ਦੁਪਹਿਰ 2 ਵਜੇ ਵਾਪਰੀ । ਸੈਕਰਾਮੈਂਟੋ ਪੁਲਿਸ ਵਿਭਾਗ ਨੇ ਜਾਰੀ ਕੀਤੀ



ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਇੱਕ ਅਵਪਛਾਤੇ ਦਾ ਕੁਲਵਿੰਦਰ ਸਿੰਘ ਨਾਲ ਚੋਰੀ ਤੋਂ ਬਾਅਦ ਤਕਰਾਰ ਹੋ ਗਿਆ ਕੁਲਵਿੰਦਰ ਸਿੰਘ ਨੂੰ ਧੱਕਾ ਦੇ ਦਿੱਤਾ ਜਿਸ ਨਾਲ ਸਟੋਰ ਮਾਲਕ ਦੇ ਸਿਰ ਚ ਸੱਟਾਂ ਲੱਗੀਆਂ। ਪੁਲਿਸ ਨੇ ਦੱਸਿਆ ਕਿ ਸਿੰਘ ਨੂੰ ਦੇਰ ਰਾਤ ਮ੍ਰਿਤਕ ਐਲਾਨ ਦਿੱਤਾ ਗਿਆ। ਸੈਕਰਾਮੈਂਟੋ ਪੁਲਿਸ ਨੇ ਕਿਹਾ ਕਿ ਮਾਮਲੇ ਵਿੱਚ ਸ਼ੱਕੀ ਵਿਅਕਤੀ ਦੀ ਪਛਾਣ ਕਰ ਲਈ ਗਈ ਹੈ ਅਤੇ ਉਸ ਨਾਲ ਸੰਪਰਕ ਕੀਤਾ ਗਿਆ ਹੈ। ਪੁਲੀਸ ਨੇ ਕਿਹਾ ਹੈ ਕਿ ਜਾਂਚ ਨੂੰ ਪੂਰਾ ਕਰਨ ਲਈ ਸੈਕਰਾਮੈਂਟੋ ਕਾਉਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨਾਲ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ, ਪੁਲਿਸ ਨੇ ਕਿਹਾ ਕਿ ਉਹ ਦੋਸ਼ਾਂ ਬਾਰੇ ਫੈਸਲਾ ਲੈਣ ਅਤੇ ਗਿਰਫਤਾਰੀ ਕਰਨ ਤੋਂ ਪਹਿਲਾਂ ਹੋਰ ਸਬੂਤ ਇਕੱਠ ਕਰ ਰਹੇ ਹਨ। ਪੁਲੀਸ ਨੇ ਕਿਹਾ ਕਿ ਇਸ ਘਟਨਾ ਦੇ ਕੋਈ ਗਵਾਹ ਸੈਕਰਾਮੈਂਟੋ ਪੁਲਿਸ ਵਿਭਾਗ ਨਾਲ ਸੰਪਰਕ ਕਰਨ।

ਦੇਸ਼ ਦੁਆਬਾ

# Sahib Kanshi Ram and Dalit Emancipation

**Prem K. Chumber**

Sahib Kanshi Ram devoted his life for the eradication of caste from the domestic structures of Indian socio-religious realm. The sole aim his life-long struggle was to facilitate the Bahujan Samaj to acquire power through the medium of ballot. He was a firm believer in the nonviolent power of democracy that he inherited from the teachings of Babasaheb Dr B.R Ambedkar. A chance reading of one of the numerous valuable writings of Dr. Ambedkar transformed his vision and he did not only prefer to live unmarried but also renounced his family life once for all. After he plunged into social struggle for the acquisition of political power for his people he did not look back at all toward his home in village Khauspur in Rupnagar district of Punjab. He did all this for helping his people to stand on their own feet to get rid of centuries' old slavery and blind faith in the Chaturvarna system of social hierarchy, which deny them their bare minimum human rights. He ingrained among his people that the political power is the only key to Dalit emancipation and empowerment in the real sense of the term.

Sahib Kanshi Ram Ji was an innovative thinker and a charismatic mass leader who coined new political vocabulary for the mobilization of downtrodden. The slogans he chiseled adroitly caught the imagination of all and sundry throughout the length and breadth of India. He told his people unless and until they formed their own social and political organizations, no upper caste political party will allow them to come to rule India. And he was confident that given the 85 percent strength of Bahujan, if the latter joined hands no one in the world can stop them reach Delhi. His untiring efforts and firm faith in his people brought success though in some parts of the country. But as far as awareness among the Bahujan is concerned his was a great success. Ambedkar Times and Desh Doaba weekly newspaper pays sincere tributes to Sahib Shri Kanshi Ram Ji on his 86th birth anniversary and solemnly resolve to continue struggling following into his footsteps.

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-126

## ਘਾਉ-ਕਟਾਰਾ



ਅਵਤਾਰ ਸਿੰਘ ਮਿਸ਼ਨਰੀ
510-432-5827

ਘਾਉ-ਕਟਾਰਾ-ਇਹ ਪੰਜਾਬੀ ਗੁਰਮੁਖੀ ਦੇ ਪੁਰਾਤਨ ਸ਼ਬਦ ਜੋ "ਸ਼ਬਦ ਗੁਰੂ ਗ੍ਰੰਥ" ਵਿਖੇ ਬਾਖ਼ੂਬੀ ਵਰਤੇ ਗਏ ਹਨ। ਘਾਉ-ਘਾਤ, ਜ਼ਖ਼ਮ, ਫੱਟ, ਪ੍ਰਹਾਰ, ਆਘਾਤ, ਚੋਟ-ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥ ਗਗਨ-ਅਕਾਸ਼, ਦਸਵਾਂ-ਦੁਆਰਾ, ਦਿਮਾਗ਼। ਦਮਾਮਾ-ਧੌਂਸਾ। ਪਰਿਓ ਘਾਉ-ਚੋਟ ਪਈ ਭਾਵ ਸੱਟ ਵੱਜੀ ਹੈ। ਨੀਸਾਨੈ-ਠੀਕ ਟਿਕਾਣੇ 'ਤੇ ਹਿਰਦੇ ਵਿੱਚ। ਪਰਿਓ ਨੀਸਾਨੈ ਘਾਉ-ਪ੍ਰਭੂ-ਚਰਨਾਂ ਵੱਲ ਹਿਰਦੇ 'ਚ ਖਿੱਚ ਪਈ ਹੈ। ਉਸ ਦੇ ਦਸਮ-ਦੁਆਰ (ਦਿਮਾਗ) ਵਿੱਚ ਧੌਂਸਾ ਵੱਜਦੈ ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ ਭਾਵ ਉਸ ਦਾ ਮਨ ਪ੍ਰਭੂ-ਚਰਨਾਂ ਵਿੱਚ ਉੱਚੀਆਂ ਉਡਾਰੀਆਂ ਮਾਰਦੈ ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ, ਉਸ ਦੇ ਹਿਰਦੇ ਪ੍ਰਭੂ-ਚਰਨਾਂ 'ਚ ਜੁੜੇ ਰਹਿਣ ਦੀ ਧੂਹ ਪੈਂਦੀ ਤੇ ਜਦ ਲੜਾਈ ਦਾ ਨਗਾਰਾ ਮਨ ਦੇ ਆਕਾਸ਼ ਅੰਦਰ ਵਜਦੈ ਨਿਸ਼ਾਨ ਵਿੰਨ੍ਹ ਕੇ ਜ਼ਖਮ ਕਰ ਦਿੰਦਾ ਹੈ। ਚਾਕਰ ਨਹਦਾ ਪਾਇਨ੍ਹ ਘਾਉ॥ ਨਹਦਾ-ਨਹੁੰ। ਘਾਉ-ਜ਼ਖ਼ਮ। ਅਹਲਕਾਰ ਮਾਨੋ ਸ਼ੇਰਾਂ ਦੀਆਂ ਨਹੁੰਦ੍ਰਾਂ ਨੇ ਜੋ ਲੋਕਾਂ ਦਾ ਘਾਤ ਕਰਦੀਆਂ ਹਨ ਭਾਵ ਰਾਜੇ ਦੇ ਜ਼ਾਲਮ ਤੇ ਬੇਰਦ ਨੌਕਰ ਆਪਣੇ ਨੌਹਾਂ ਨਾਲ ਜਨਤਾ ਨਾਲ ਬੇਇਨਸਾਫੀ ਦੇ ਜ਼ਖ਼ਮ ਕਰਦੇ ਹਨ।

ਕਟਾਰਾ-ਇੱਕ ਦੋ ਧਾਰਾ ਛੋਟਾ ਸ਼ਸ਼ਤਰ ਜੋ ਕਮਰ ਨਾਲ ਬੰਨ੍ਹ ਕੇ ਰੱਖੀਦੈ ਭਾਵ ਖੰਜਰ-ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰ॥ ਗਰਬ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥੩॥(੯੫੬)

ਘਾਉ ਤੇ ਕਟਾਰਾ ਦੇ ਭਾਵ ਨੂੰ ਹੇਠਲੇ ਸ਼ਬਦ 'ਚ ਇਵੇਂ ਬਿਆਨ ਕੀਤਾ ਗਿਆ ਹੈ-

ਸਿਰੀਰਾਗੁ ਮਹਲਾ ੧ ਘਰੁ ੫ ॥ ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥੧॥ਬਿਨੁ ਤੇਲ ਦੀਵਾ ਕਿਉ ਜਲੈ॥੧॥ਰਹਾਉ॥ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥ ਸਚੁ ਬੂਝਣੁ ਆਣਿ ਜਲਾਈਐ॥੨॥ਇਹੁ ਤੇਲੁ ਦੀਵਾ ਇਉ ਜਲੈ ॥ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ਰਹਾਉ॥ਇਤੁ ਤਨਿ ਲਾਗੈ ਬਾਣੀਆ॥ ਸੁਖੁ ਹੋਵੈ ਸੇਵ ਕਮਾਣੀਆ॥ ਸਭ ਦੁਨੀਆ ਆਵਣ ਜਾਣੀਆ॥੩॥ ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ ॥੪॥੩੩॥(ਪੰਨਾ-੨੫)

ਅਛਲ ਮਾਇਆ-ਜਿਸ ਨੂੰ ਕੋਈ ਛਲਣ ਦਾ ਜਤਨ ਕਰੇ ਤਾਂ ਛਲੀ ਨਹੀਂ ਜਾਂਦੀ, ਜਿਸ ਨੂੰ ਕਿਸੇ ਦੀ ਕਟਾਰ ਕੋਈ ਜ਼ਖ਼ਮ ਨਹੀਂ ਕਰ ਸਕਦੀ, ਜਿਸ ਨੂੰ ਕੋਈ ਮਾਰ-ਮੁਕਾ ਨਹੀਂ ਸਕਦਾ ਤੇ ਜਿਸ ਅੱਗੇ ਲੋਭੀ ਜੀਵ ਦਾ ਮਨ ਡੋਲ ਜਾਂਦਾ ਹੈ। ਮਾਲਕ ਪ੍ਰਭੂ ਦੀ ਰਜ਼ਾ ਇਸੇ ਤਰ੍ਹਾਂ ਦੀ ਹੈ ਭਾਵ ਜਗਤ ਵਿੱਚ ਨਿਯਮ ਹੀ ਇਹ ਹੈ ਕਿ ਜਿੱਥੇ ਨਾਮ (ਪ੍ਰਭੂ ਨਿਯਮ) ਨਹੀਂ ਉਥੇ ਮਨ ਮਾਇਆ ਅੱਗੇ ਡੋਲ ਜਾਂਦੈ ਪਰ ਧਰਮ ਗਿਆਨ ਪੁਸਤਕਾਂ ਅਨੁਸਾਰ ਜੀਵਨ ਬਣਾਈਏ ਇਹ ਤੇਲ ਹੋਵੇ, ਪ੍ਰਭੂ ਦਾ ਡਰ-ਇਹ ਸਰੀਰ ਦੀਵੇ 'ਚ ਵੱਟੀ ਪਾ ਦੇਈਏ, ਪ੍ਰਭੂ ਨਾਲ ਡੂੰਘੀ ਸਾਂਝ-ਇਹ ਅੱਗ ਲਿਆ ਕੇ ਬਾਲੀਏ। ਪ੍ਰਭੂ ਨਾਮ-ਨਿਯਮ ਦਾ ਤੇਲ ਹੋਵੇ ਤਾਂ ਹੀ ਇਹ ਜੀਵਨ ਦੀਵਾ ਬਲਦਾ ਹੈ। ਹੇ ਭਾਈ! ਪ੍ਰਭੂ ਦੇ ਨਾਮ ਦਾ ਚਾਨਣ ਕਰ, ਤਦੋਂ ਹੀ ਮਾਲਕ-ਪ੍ਰਭੂ ਦੀ ਸੋਝੀ ਪੈਂਦੀ ਹੈ। ਜਿਸ ਮਨੁੱਖ ਨੂੰ ਇਸ ਸਰੀਰ ਵਿੱਚ ਗੁਰੂ ਦਾ ਉਪਦੇਸ਼ ਅਸਰ ਕਰਦੈ ਪ੍ਰਭੂ-ਸੇਵਾ ਕਰਨ ਨਾਲ ਉਸ ਨੂੰ ਆਤਮਕ ਆਨੰਦ ਮਿਲਦਾ ਤੇ ਜਗਤ ਉਸ ਨੂੰ ਨਾਸਵੰਤ ਦਿੱਸਦਾ ਹੈ। ਹੇ ਭਾਈ! ਦੁਨੀਆ 'ਚ ਆ ਕੇ ਲੋਕ ਸੇਵਾ ਕਰਨ ਨਾਲ ਪ੍ਰਭੂ-ਹਜ਼ੂਰੀ ਵਿੱਚ ਬੈਠਣ ਨੂੰ ਥਾਂ ਮਿਲਦਾ ਹੈ। ਹੇ ਨਾਨਕ ਆਖ ਸਿਮਰਨ (ਪ੍ਰਭੂ ਯਾਦ) ਦੀ ਬਰਕਤਿ ਨਾਲ ਬਾਂਹ ਲੁਡਾਈਐ ਭਾਵ ਬੇ-ਫ਼ਿਕਰ ਹੋ ਜਾਈਦਾ ਤੇ ਕੋਈ ਚਿੰਤਾ-ਸੋਗ ਨਹੀਂ ਵਿਆਪਦਾ।

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲਪਲੈ॥

ਇਨ੍ਹਾਂ ਤੁਕਾਂ 'ਚ ਮਾਇਆ ਦੇ ਪ੍ਰਭਾਵ ਦੀ ਗੱਲ ਕੀਤੀ ਗਈ ਹੈ। ਮਾਇਆ ਕਿਸੇ ਤੋਂ ਛਲੀ ਨਹੀਂ ਗਈ, ਮਾਇਆ ਨੂੰ ਕੋਈ ਜ਼ਖਮੀ ਵੀ ਨਹੀਂ ਕਰ ਸਕਦਾ ਪਰ ਲੋਭੀ ਜੀਅੜਾ ਇਸ ਦੇ ਅੱਗੇ ਨੱਚਦਾ ਫਿਰਦਾ ਹੈ। ਰੱਬ ਦੀ ਮਿੱਥੀ ਹੋਈ ਮਰਯਾਦਾ ਸਭ ਜੀਵਾਂ ਦੇ ਅੱਗੇ ਪ੍ਰਗਟ ਹੋ ਰਹੀ ਹੈ। ਫਿਰ ਇਹ ਮਾਇਆ ਕੀ ਚੀਜ਼ ਹੈ? ਦਰ-ਅਸਲ ਮਨ 'ਚ ਹਰ ਵੇਲੇ ਕਈ ਖਿਆਲ ਚਲਦੇ ਹੀ ਰਹਿੰਦੇ ਹਨ।

ਕੁਝ ਵਿਚਾਰ ਅਜੇਹੇ ਜੋ ਬਹੁਤ ਹੀ ਮਲੀਨ ਹੁੰਦੇ ਹਨ। ਇੰਜ ਵੀ ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਵਿਚਾਰਾਂ ਦੁਆਰਾ ਮਨੁੱਖ ਪਾਸੋਂ ਰੱਬੀ ਗੁਣ ਵਿਸਰ ਜਾਂਣ ਜਾਂ ਰੁਕਾਵਟ ਬਣਨ ਉਹ ਸਾਰੇ ਹੀ ਮਾਇਆ ਰੂਪ ਹਨ। ਯਾਦ ਰਹੇ ਕਿ ਸਰੀਰਕ ਫੱਟ ਤਾਂ ਚੰਗੀ, ਖ਼ੁਰਾਕ, ਦੇਖਭਾਲ ਤੇ ਦਵਾ ਦਾਰੂ ਕਰਨ ਨਾਲ ਸਮਾਂ ਪਾ ਕੇ ਮਿਟ ਜਾਂਦੈ ਪਰ ਮਾਇਆ (ਅਗਿਆਨਤਾ ਦੁਨੀਆਈ ਮੋਹ) ਦੇ ਫੱਟ ਗੁਰੂ ਗਿਆਨ ਦੁਆਰਾ ਜੀਵਨ ਸੋਝੀ ਤੋਂ ਬਿਨਾ ਨਹੀਂ ਮਿਟਦੇ। ਸੋ ਗੁਰੂ ਗਿਆਨ ਸਾਰੇ ਘਾਉ-ਕਟਾਰੇ ਮੇਟ ਦੇਂਦਾ ਹੈ-ਕਬੀਰ ਗੁਰ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥ ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ॥੧੯੯॥ (ਸਲੋਕ ਕਬੀਰ)

# ਕੋਰੋਨਾਵਾਇਰਸ ਅਮਰੀਕਾ ਦੇ ਦੋ-ਤਿਹਾਈ ਹਿੱਸਿਆਂ ਵਿੱਚ ਫੈਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਕੋਰੋਨਾਵਾਇਰਸ ਨੇ ਅਮਰੀਕਾ ਵਿੱਚ ਇਸ ਕਦਰ ਪੈਰ ਪਸਾਰ ਲਏ ਹਨ ਕਿ ਕਰਮਚਾਰੀਆਂ ਨੂੰ ਘਰੋਂ ਹੀ ਕੰਮ ਕਰਨ ਲਈ ਕਿਹਾ ਗਿਆ ਹੈ, ਕਈ ਰਾਜਾਂ ਦੇ ਪਬਲਿਕ ਸਕੂਲ ਜ਼ਿਲ੍ਹੇ ਬੰਦ ਹੋ ਗਏ ਹਨ, ਯੂਨੀਵਰਸਿਟੀਆਂ ਸਿਰਫ ਕਲਾਸਾਂ ਨੂੰ ਸਿਰਫ ਆਨਲਾਈਨ ਭੇਜ ਰਹੀਆਂ ਹਨ, ਅਤੇ ਇੱਥੋਂ ਤਕ ਕਿ ਲੋਕ ਚਰਚ ਸੇਵਾਵਾਂ ਜਾਂ ਪ੍ਰਾਰਥਨਾ ਸਭਾਵਾਂ ਨੂੰ ਸੀਮਤ ਕਰ ਰਹੇ ਹਨ। ਫਲੋਰੀਡਾ ਦੇ ਓਰਲੈਂਡੋ ਵਿੱਚ ਇੱਕ ਵਿਸ਼ਵ ਵਿਆਪੀ ਸਿਹਤ ਕਾਨਫਰੰਸ ਦੀ ਸੋਮਵਾਰ ਲਈ ਯੋਜਨਾ ਬਣਾਈ, ਜਿਸ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਬੋਧਨ ਕਰਨਾ ਸੀ, ਹੁਣ ਉਹ ਵੀ ਨਹੀਂ ਹੋਵੇਗਾ।ਕੈਲੀਫੋਰਨੀਆ ਦੇ ਤੱਟ ਤੇ ਕੋਰੋਨਾਵਾਇਰਸ ਦੇ ਸ਼ੱਕੀ ਯਾਤਰੀਆਂ ਵਾਲਾ ਇਕ ਹੋਰ ਕਰੂਜ਼ ਸਮੁੰਦਰੀ ਜਹਾਜ਼ ਪੁੱਜ ਗਿਆ ਹੈ। ਵਿਦੇਸ਼ ਵਿਭਾਗ ਨੇ ਅਮਰੀਕੀਆਂ ਨੂੰ, ਖ਼ਾਸਕਰ ਉਨ੍ਹਾਂ ਦੀ ਸਿਹਤ ਦੇ ਮੱਦੇਨਜਰ ਕਰੂਜ਼ ਸਮੁੰਦਰੀ ਜਹਾਜ਼ਾਂ 'ਤੇ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ। ਜਿਉਂ ਹੀ ਕੋਰੋਨਾਵਾਇਰਸ ਅਮਰੀਕਾ ਦੇ ਦੋ-ਤਿਹਾਈ ਹਿੱਸਿਆਂ ਵਿਚ ਫੈਲ ਗਿਆ, ਅਮਰੀਕੀ ਉਨ੍ਹਾਂ ਨੂੰ ਮਿਲ ਰਹੇ ਖ਼ਤਰੇ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਹੈ, ਹਫਤੇ ਦੇ ਅੰਤ ਵਿੱਚ, ਕੇਸਾਂ ਵਿੱਚ ਤਕਰੀਬਨ 600 ਕੇਸ ਦਰਜ ਕੀਤੇ ਗਏ ਅਤੇ 20 ਦੇ ਕਰੀਬ ਮੌਤਾਂ ਹੋਈਆਂ। ਵਾਸ਼ਿੰਗਟਨ ਰਾਜ ਵਿੱਚ, ਸੀਆਟਲ ਖੇਤਰ ਵਿੱਚ ਗਵਰਨਰ ਜੇ ਇਨਸਲੀ ਨੇ ਐਤਵਾਰ ਨੂੰ ਕਿਹਾ ਕਿ ਉਹ ਲੋਕਾਂ ਨੂੰ ਵੱਖ ਵੱਖ ਰੱਖਣ ਤੇ ਉਨਾਂ ਨੂੰ ਲਾਜ਼ਮੀ ਸਹਾਇਤਾ ਲਈ ਵਿਚਾਰ ਕਰ ਰਿਹਾ ਹੈ। ਫੈਡਰਲ ਪਬਲਿਕ ਹੈਲਥ ਅਧਿਕਾਰੀਆਂ ਨੇ ਇਹ ਸੰਕੇਤ ਵੀ ਦਿੱਤਾ ਕਿ ਨਵੇਂ ਕੇਸ ਸਾਹਮਣੇ ਆ ਰਹੇ ਹਨ ਜਿਨਾਂ ਦਾ ਵਿਦੇਸ਼ੀ ਯਾਤਰਾ ਨਾਲ ਕੋਈ ਸਬੰਧ ਨਹੀਨ ਹੈ ਤੇ ਨਵੇਂ, ਸਖਤ ਉਪਾਵਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਬਿਮਾਰੀ ਤੋਂ ਹੋਣ ਵਾਲੀਆਂ ਮੌਤਾਂ ਨੂੰ ਘੱਟ ਤੋਂ ਘੱਟ ਕਰਨ ਅਤੇ ਇਸ ਦੇ ਫੈਲਣ ਨੂੰ ਹੌਲੀ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜੋ ਹਸਪਤਾਲ ਤੇ ਹਾਵੀ ਨਾ ਹੋਣ।ਐਤਵਾਰ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਅਤੇ ਛੂਤ ਦੀਆਂ ਬਿਮਾਰੀਆਂ ਦੇ ਡਾਇਰੈਕਟਰ ਡਾ. ਐਂਥਨੀ ਫੌਸੀ ਨੇ ਕਿਹਾ, ਕਿ "ਅਸੀਂ ਜੋ ਪ੍ਰਸਾਰ ਵੇਖਦੇ ਹਾਂ, ਤੁਹਾਨੂੰ ਪਤਾ ਹੈ ਕਿ ਕੁਝ ਵੀ ਸੰਭਵ ਹੈ,"। ਸਭ ਤੋਂ ਵੱਡੀ ਚਿੰਤਾ ਬਜ਼ੁਰਗ ਲੋਕਾਂ ਲਈ ਹੈ, ਖ਼ਾਸਕਰ ਉਨ੍ਹਾਂ ਲਈ ਜਿਨ੍ਹਾਂ ਦੀ ਸ਼ੂਗਰ, ਦਿਲ ਦੀ ਬਿਮਾਰੀ, ਫੇਫੜੇ ਦੀਆਂ ਸਮੱਸਿਆਵਾਂ ਅਤੇ ਕਮਜ਼ੋਰ ਪ੍ਰਤੀਰੋਧ ਵਰਗੀਆਂ ਸਥਿਤੀਆਂ ਹਨ.ਫੌਸੀ ਨੇ ਕਿਹਾ, "ਭੀੜ ਵਾਲੀਆਂ ਥਾਵਾਂ 'ਤੇ ਨਾ ਜਾਓ, ਇਕ ਜਹਾਜ਼ ਦੀ ਲੰਬੀ ਯਾਤਰਾ ਤੋਂ ਪਹਿਲਾਂ ਦੋ ਵਾਰ ਸੋਚੋ, ਅਤੇ ਕਿਸੇ ਵੀ ਸਫ਼ਰ' ਤੇ ਨਾ ਜਾਓ,"। ਵੈਂਡਰਬਲਟ ਯੂਨੀਵਰਸਿਟੀ ਦੇ ਇੱਕ ਛੂਤ ਵਾਲੀ ਬਿਮਾਰੀ ਮਾਹਰ ਡਾ. ਵਿਲੀਅਮ ਸ਼ੈਫਨਰ ਨੇ ਕਿਹਾ। 'ਭਾਵੇਂ ਤੁਹਾਡਾ ਪਰਿਵਾਰ ਧਾਰਮਿਕ ਹੈ, ਬਾਕੀ ਸਮੂਹਾਂ ਨਾਲ ਇਨਾਂ ਧਾਰਮਿਕ ਸੇਵਾਵਾਂ ਵਿਚ ਜਾਣ ਦੀ ਬਜਾਏ ਘਰ ਵਿਚ ਸਤਿਕਾਰ ਕਰਨ ਬਾਰੇ ਸੋਚੋ ਤੇ ਫਿਲਮਾਂ ਤੇ ਵੀ ਨਾ ਜਾਈਏ। ਸਾਡਾ ਟੀਚਾ ਘੱਟੋ ਘੱਟ ਇਸ ਮਹਾਂਮਾਰੀ ਨੂੰ ਘਟਾਉਣਾ ਹੈ। ਦੂਸਰੇ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਆਪਣੀਆਂ ਰਾਜਸੀ ਰੈਲੀਆਂ ਕਰਦੇ ਰਹਿਣਗੇ, ਜੋ ਕਈ ਵਾਰ 20,000 ਲੋਕਾਂ ਤੱਕ ਰੈਲੀਆਂ ਚ ਪਹੁੰਚਦੇ ਹਨ। 3 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਉਨਾਂ ਨੂੰ ਚੁਣੌਤੀ ਦੇਣ ਲਈ ਮੁਕਾਬਲਾ ਕਰ ਰਹੇ ਡੈਮੋਕਰੇਟਸ, ਯੂ ਐਸ ਦੇ ਸੈਨੇਟਰ ਬਰਨੀ ਸੈਂਡਰਜ਼ ਅਤੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਨੇ ਹੁਣ ਤੱਕ ਦੇ ਕਿਸੇ ਵੀ ਮੁਹਿੰਮ ਦੇ ਪ੍ਰੋਗਰਾਮ ਨੂੰ ਰੱਦ ਨਹੀਂ ਕੀਤਾ ।



# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 643ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 20ਵੇ ਮਹਾਨ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਏ ਗਏ

**(ਸਫਾ 1 ਦੀ ਬਾਕੀ)**

ਬਿਰਾਜਮਾਨ ਸਨ। ਹੋਰ ਫਲੋਟਾਂ ਤੇ ਵੀ ਗੁਰਬਾਣੀ ਕੀਰਤਨ ਹੋ ਰਿਹਾ ਸੀ। ਪ੍ਰਾਈਵੇਟ ਸਕਿਉਰਿਟੀ ਅਤੇ ਪੁਲਿਸ ਵਿਭਾਗ ਵਲੋਂ ਮੁਕੰਮਲ ਸੁਰੱਖਿਆ ਦੇ ਇੰਤਜਾਮ ਕੀਤੇ ਗਏ ਸਨ। ਕਈ ਤਰ੍ਹਾਂ ਦੇ ਲੰਗਰਾਂ ਦੀਆਂ, ਗੰਨੇ ਦੇ ਰਸ ਦੀਆਂ, ਬੱਚਿਆ ਦੇ ਸਮਾਨ ਦੀਆਂ, ਧਾਰਮਿਕ ਕਿਤਾਬਾਂ, ਕੱਪੜੇ ਅਤੇ ਹੋਰ ਬੇਅੰਤ ਤਰਾਂ ਦੀਆਂ ਸਟਾਲਾਂ ਦੀ ਸੇਵਾ ਹੋਈ। ਸਿੱਖ ਮੋਟਰਸਾਇਕਲ ਰਾਈਡ ਕਲੱਬ ਸੰਗਤਾਂ ਦੇ ਚੇਹਰਿਆਂ ਤੇ ਗੁਰਪੁਰਬਾਂ ਦੀ ਅਤੇ ਨਵੀਆਂ ਇਮਾਰਤਾਂ ਦੀ ਉਸਾਰੀ ਦੇ ਆਰੰਭ ਦੀ ਖੁਸ਼ੀ ਆਪਮੁਹਾਰੇ ਝਲਕਾ ਮਾਰ ਰਹੀ ਸੀ।

6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 8 ਮਾਰਚ ਦਿਨ ਐਤਵਾਰ ਨੂੰ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ 7 ਮਾਰਚ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਸ਼ਾਮ ਦੇ ਦੀਵਾਨ ਸਜਾਏ ਗਏ, ਜਿਸ ਵਿਚ ਵੱਖ-ਵੱਖ ਰਾਗੀ ਜਥਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਨ੍ਹਾਂ ਮਹਾਨ ਨਗਰ ਕੀਰਤਨਾਂ ਵਿੱਚ ਦੇਸ਼ਾਂ ਵਿਦੇਸ਼ਾਂ ਵਿੱਚੋਂ ਬੇਅੰਤ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਸਤਿਗੁਰਾਂ ਦਾ ਗੁਣ ਗਾਇਨ ਕੀਤਾ। ਸੈਕਰਾਮੈਂਟੋ ਕਾਉਂਟੀ ਸੁਪਰਵਾਈਜ਼ਰ ਬੀਬੀ ਸੂ ਫਰੋਸਟ ਵੀ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰ ਹੋਏ ਅਤੇ ਸੰਗਤਾਂ ਨੂੰ ਗੁਰੂਪੁਰਬ ਦੀਆਂ ਵਧਾਈਆਂ ਦਿੱਤੀਆਂ ਉਪਰੰਤ ਗੁਰੂਘਰ ਵਲੋਂ ਬੀਬੀ ਸੂ ਫਰੋਸਟ ਨੂੰ ਸ਼੍ਰੀ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਨਾਲ ਨਿਹਾਲ ਕੀਤਾ ਗਿਆ।

ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿੱਚ ਸ਼ੁਸ਼ੋਭਿਤ ਗੁਰੂਘਰਾਂ ਅਤੇ ਹੋਰ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਇਸ ਮਹਾਨ ਨਗਰ ਕੀਰਤਨ ਵਿੱਚ ਹਾਜਰੀ ਭਰੀ ਗਈ ਅਤੇ ਗੁਰੂਘਰ ਵਲੋਂ ਇਨ੍ਹਾਂ ਸਭਨਾਂ ਗੁਰੂਘਰਾਂ ਅਤੇ ਸੰਸਥਾਵਾਂ ਨੂੰ ਸ਼੍ਰੀ ਸਿਰੋਪਾਓ ਸਾਹਿਬ ਅਤੇ ਸਨਮਾਨ ਚਿੰਨ੍ਹ ਨਾਲ ਨਿਹਾਲ ਕੀਤਾ ਗਿਆ।

ਤਿੰਨੇ ਦਿਨ ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਰਾਗੀ ਜਥਿਆਂ ਜਿਹਨਾਂ ਵਿਚ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ ਅਤੇ ਭਾਈ ਅਮਰਜੀਤ ਸਿੰਘ ਤੋਂ ਇਲਾਵਾ ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਨਿਰਮਲ ਸਿੰਘ ਨਾਗਪੁਰੀ, ਭਾਈ ਜਸਪਾਲ ਸਿੰਘ ਸਾਰੰਗ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਜਗਜੀਤ ਸਿੰਘ ਯੋਗੀ, ਢਾਡੀ ਸੁਖਵਿੰਦਰ ਸਿੰਘ ਗਰੇਵਾਲ ਅਤੇ ਭਾਈ ਗੁਰਦਿਆਲ ਸਿੰਘ ਆਦਿ ਰਾਗੀ/ਢਾਡੀ ਜਥਿਆਂ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਧਾਨ ਰਾਜ ਕੁਮਾਰ ਬੱਧਣ ਨੇ ਸੰਗਤਾਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ।

ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਸੈਕਰਾਮੈਂਟੋ ਗੁਰੂਘਰ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਵਿੱਚ ਤਨ ਮਨ ਅਤੇ ਧੰਨ ਨਾਲ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ: ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਤੇਜਪਾਲ ਵਿਰਕ ਜੀ (916) 912-5678
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਸਭਾ ਡੈਨਹਾਗ ਵਲੋਂ ਗੁਰਪੁਰਬ ਸਮਾਗਮ ਸ਼ਰਧਾ ਪੂਰਵਕ ਮਨਾਇਆ ਗਿਆ

**ਅਲਾਵਲਪੁਰ (ਮਦਨ ਬੰਗੜ)-** ਸ੍ਰੀ ਗੁਰੂ ਰਵਿਦਾਸ ਟੈਮਪਲ ਹੋਲੈਂਡ ਵਲੋਂ ਗੁਰੂ ਰਵਿਦਾਸ ਦੇ ਆਗਮਨ ਦਿਵਸ ਨੂੰ ਸਮਰਪਤ ਸਮਾਗਮ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਤਹਿਤ ਗੁਰੂ ਜੀ ਦਾ ਆਗਮਨ ਦਿਵਸ ਦਾ ਆਜੋਜਨ ਕੀਤਾ ਗਿਆ ਅੱਜ ਸਵੇਰੇ ਅਖੰਡ ਜਪ ਦੇ ਭੋਗ ਪਾਏ ਗਏ ਉਪਰੰਤ ਗੁਰੂ ਦੇ ਵਜ਼ੀਰ ਵਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ ਭਾਈ ਮਨਜੀਤ ਸਿੰਘ ਮਸਤੀ ਵਲੋਂ ਸ਼ਬਦ ਕੀਰਤਨ ਨਾਲ ਹਾਜਰੀ ਲਗਵਾਈ ਗਈ ¢ਭਾਈ ਰਾਜ ਕੌਲ ਫਰਾਂਸ ਵਲੋਂ ਕਥਾ ਵਿਚਾਰਾਂ ਨਾਲ ਸਾਂਝ ਪਾਈ ਗਈ।

ਸਮਾਗਮ ਦੀ ਸਮਾਪਤੀ ਤੋਂ ਬਾਅਦ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ, ਫਰਾਂਸ ਤੋਂ ਸ੍ਰੀ ਗੁਰੂ ਰਵਿਦਾਸ ਸਭਾ ਵਲੋਂ ਵਿਸ਼ੇਸ਼ ਤੋਰ ਹਾਜਰੀ ਲਗਵਾਈ ਗਈ ਗੁਰੂ ਜੀ ਦਾ ਅਟੁੱਟ ਲੰਗਰ ਵਰਤਾਇਆ ਗਿਆ ਸਟੇਜ ਸਕੱਤਰ ਦੀ ਸੇਵਾ ਅਜੇ ਮਹਿਮੀ ਜੀ ਨੇ ਬਖੂਬੀ ਨਿਵਾਹੀ ਗਈ।





ਪ੍ਰਧਾਨ ਸ੍ਰੀ ਵਾਸੁ ਦੇਵ , ਪ੍ਰਦੀਪ ਕੁਮਾਰ ,ਮਨਜੀਤ ਸਿੰਘ, ਪਰਮਿੰਦਰ ਸਿੰਘ, ਸਰਬਜੀਤ ਸਿੰਘ, ਪ੍ਰੇਮ ਹੀਰ, ਪੱਪੀ ਦਾਦਰਾ, ਰਾਮ ਸਰੂਪ, ਰਾਣਾ ਮੰਡੀ, ਰਾਮ ਲੁਭਾਇਆ, ਸ਼ਰਧਾ ਰਾਮ, ਬਖ਼ਸ਼ਿਸ਼ ਲਾਲ, ਮੰਨਾ ਸਿੰਘ, ਕੇਵਲ ਕ੍ਰਿਸ਼ਨ, ਕੁਲਦੀਪ ਸਿੰਘ, ਰਾਜਵਿੰਦਰ ਕੂਕ, ਦੇਸ ਰਾਜ ਬੜਿੰਗ ਆਦਿ ਤੋਂ ਇਲਾਵਾ ਸਮੂਹ ਪ੍ਰਬੰਧਕ ਕਮੇਟੀ ਮੇਬਰ ਅਤੇ ਸੇਵਾਦਾਰ ਹਾਜਿਰ ਸਨ।

# ਕਠਾਰ ਵਿਖੇ ਕਰਵਾਏ ਗਏ ਸਮਾਜਿਕ ਚੇਤਨਾ ਅਤੇ ਚਿੰਤਨ ਸਮਾਰੋਹ ਨੇ ਹਾਜ਼ਰੀਨ ਨੂੰ ਕੀਤਾ ਜਾਗਰੂਕ

## ਵੱਖ ਵੱਖ ਵਿਦਵਾਨਾਂ ਨੇ ਪੜ੍ਹੇ ਖੋਜ ਭਰਪੂਰ ਪੱਤਰ, ਬੁੱਧੀਜੀਵੀ ਵਰਗ ਦੀ ਸਮਾਜ ਨੂੰ ਸੇਧ ਮਿਲਣਾ ਸਮੇਂ ਦੀ ਲੋੜ - ਸੰਤ ਸੁਰਿੰਦਰ ਦਾਸ ਕਠਾਰ






**ਸ਼ਾਮਚੁਰਾਸੀ (ਚੁੰਬਰ) –** ਡੇਰਾ ਸੰਤ ਸਰਵਣ ਦਾਸ ਬੱਲਾਂ ਵਲੋਂ ਵਰੋਸਾਏ ਸੰਤ ਹਰੀ ਦਾਸ ਉਦਾਸੀਨ ਆਸ਼ਰਮ ਪਿੰਡ ਢੇਪੁਰ-ਕੂਪੁਰ ਅੱਡਾ ਕਠਾਰ ਵਿਖੇ ਸਮਾਜਿਕ ਚੇਤਨਾ ਅਤੇ ਚਿੰਤਨ ਸਮਾਰੋਹ ਸੰਚਾਲਕ ਸੰਤ ਸੁਰਿੰਦਰ ਦਾਸ ਕਠਾਰ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿਚ ਵੱਖ-ਵੱਖ ਵਿਸ਼ਿਆਂ ਤੇ ਵਿਦਵਾਨਾ ਬੁੱਧੀਜੀਵੀਆਂ ਆਪਣੇ-ਆਪਣੇ ਖੋਜ ਭਰਪੂਰ ਪਰਚੇ ਪੜ੍ਹੇ। ਸੰਤ ਸੁਰਿੰਦਰ ਦਾਸ ਜੀ ਨੇ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਬੁੱਧੀਜੀਵੀ ਵਰਗ ਦੀ ਸਮਾਜ ਨੂੰ ਸੇਧ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਹੈ। ਇਸ ਲਈ ਸਾਨੂੰ ਉਨ੍ਹਾਂ ਦੇ ਪ੍ਰਗਟ ਕੀਤੇ ਵਿਚਾਰਾਂ ਤੇ ਅਮਲ ਕਰਨ ਦੀ ਲੋੜ ਹੈ। ਇਸ ਸਮਾਰੋਹ ਵਿਚ ਸ਼੍ਰੀ ਸਿਰੀ ਰਾਮ ਅਰਸ਼ ਨੇ ਅੰਮ੍ਰਿਤਬਾਣੀ ਅਤੇ ਰਵਿਦਾਸੀਆ ਧਰਮ, ਐਡਵੋਕੇਟ ਐਸ ਐਲ ਵਿਰਦੀ ਨੇ ਸੰਵਿਧਾਨ ਬਚਾਓ-ਦੇਸ਼ ਬਚਾਓ, ਡਾ. ਮਨੋਜ ਦਈਆ ਨੇ ਸੱਤਾ ਪ੍ਰਾਪਤੀ ਤੇ ਰਵਿਦਾਸੀਆ ਸਮਾਜ, ਡਾ. ਸੰਤੋਸ਼ ਕੁਮਾਰੀ ਨੇ ਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਜੀ ਦੀ ਵਿਚਾਰਕ ਸਮਾਨਤਾ, ਡਾ. ਸ਼ੀਤਲ ਸਿੰਘ ਨੇ ਸ਼੍ਰੀ ਗੁਰੂ ਰਵਿਦਾਸ ਬਾਣੀ ਦਾ ਰਾਜਨੀਤਿਕ ਤੇ ਸਮਾਜਿਕ ਸੰਦਰਭ, ਪ੍ਰਿੰ. ਸਤਪਾਲ ਜੱਸੀ ਨੇ ਅੱਜ ਦੇ ਸਮੇਂ ਵਿਚ ਗੁਰੂ ਤੇ ਭਗਤ ਦੀ ਮਹੱਤਤਾ, ਡਾ. ਹਰਨੇਕ ਸਿੰਘ ਕਲੇਰ ਨੇ ਗੁਰੂਆਂ ਦੀ ਸਿੱਖਿਆ ਦਾ ਪ੍ਰਚਾਰ ਪ੍ਰਸਾਰ, ਸ਼੍ਰੀ ਐਸ ਆਰ ਲੱਧੜ ਨੇ ਸੀ ਏ ਏ ਐਨ, ਆਰ ਸੀ, ਐਨ ਪੀ ਆਰ ਦੇ ਰਵਿਦਾਸੀਆ ਸਮਾਜ ਤੇ ਪ੍ਰਭਾਵ, ਡਾ. ਜੀ ਸੀ ਕੌਲ ਨੇ ਸ਼੍ਰੀ ਗੁਰੂ ਰਵਿਦਾਸ ਆਗਮਨ ਪੁਰਬ ਤੇ ਸਮਾਜ ਨੂੰ ਸੇਧ, ਐਡਵੋਕੇਟ ਅਰੁਣ ਕਲੇਰ ਨੇ ਦੱਬੇ ਕੁੱਚਲੇ ਸਮਾਜ ਦੀ ਦਸ਼ਾ ਤੇ ਦਿਸ਼ਾ, ਡਾ. ਬਲਵੀਰ ਮੰਨਣ ਨੇ ਸਮਾਜ ਦੀ ਉੱਨਤੀ ਵਿਚ ਬੁੱਧੀਜੀਵੀ ਵਰਗ ਦੀ ਭੂਮਿਕਾ, ਪ੍ਰਿੰ. ਲਾਲ ਬਹਾਦਰ ਨੇ ਮਾਨਵਵਾਦੀ ਵਿਕਾਸ ਦਾ ਰੋਲ ਮਾਡਲ ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ ਆਦਿ ਪੇਪਰ ਪੜ੍ਹ ਕੇ ਹਾਜ਼ਰੀਨ ਨੂੰ ਜਾਗਰੂਕ ਕੀਤਾ। ਸਟੇਜ ਦਾ ਸੰਚਾਲਨ ਸਤਪਾਲ ਸਾਹਲੋਂ ਨੇ ਕੀਤਾ। ਇਸ ਮੌਕੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ, ਡਾ. ਸ਼ਿਵ ਦਿਆਲ ਮਾਲੀ, ਦਰਸ਼ਨ ਲਾਲ ਜੇਠੂ ਮਜਾਰਾ, ਗੀਤਕਾਰ ਸੋਹਣ ਸਹਿਜਲ, ਤਹਿਸੀਲਦਾਰ ਮਨੋਹਰ ਲਾਲ, ਨਾਇਬ ਤਹਿਸੀਲਦਾਰ ਵਿਜੇ ਕੁਮਾਰ ਹੀਰ, ਜੋਗਿੰਦਰ ਪਾਲ (ਆਈ ਆਰ ਐਸ ਰਿਟਾ.), ਡਾ. ਰਵੀ ਕੁਮਾਰ, ਸੰਤ ਪ੍ਰਦੀਪ ਦਾਸ, ਬੀਬੀ ਸ਼ਹੀਨਾ ਪ੍ਰਵੀਨ ਮੁਸਲਿਮ ਮੋਰਚਾ ਪ੍ਰਧਾਨ, ਡੀ ਸੀ ਭਾਟੀਆ, ਸਤੀਸ਼ ਕੁਮਾਰ, ਸਾਲਗ ਰਾਮ ਪਟਵਾਰੀ, ਰੌਸ਼ਨ ਲਾਲ ਸੋਂਧੀ, ਡਾ. ਜਗਦੀਸ਼ ਚੰਦਰ, ਕੇ ਡੀ ਚੁੰਬਰ, ਜਸਵਿੰਦਰ ਸਿੰਘ, ਮਨਜੀਤ ਬੱਲ, ਨੀਰੂ ਸੁੰਮਨ, ਨਿਰਮਲ ਭਾਟੀਆ, ਡਾ. ਸੁਰਿੰਦਰ, ਡਾ. ਰਾਹੁਲ ਫਗਵਾੜਾ, ਡਾ. ਜੇ ਐਸ ਕਲਸੀ, ਡਾ. ਹਰਜਿੰਦਰ ਸਿੰਘ, ਧਰਮਪਾਲ ਕਠਾਰ, ਮਹਿੰਦਰ ਸੰਧੂ, ਸੋਖੀ ਸੁੰਨੜਾਂ ਵਾਲਾ, ਸੁੱਖੀ ਬੱਲਾਂ, ਹਿੰਦ ਪਾਲ ਬਸਰਾ, ਅਸ਼ੋਕ ਚੁੰਬਰ, ਮੋਹਣ ਲਾਲ ਫਲੌਰੀਆ, ਕਿਸ਼ਨ ਲਾਲ ਮਹੇ, ਦਿਲਬਾਗ ਰਾਏ, ਡਾ. ਮਿਨਾਕਸ਼ੀ, ਪਿਆਰੇ ਲਾਲ, ਐਡਵੋਕੇਟ ਧਰਮਿੰਦਰ ਦਾਦਰਾ, ਐਸ ਡੀ ਓ ਜਗਦੀਸ਼ ਲਾਲ ਬੱਧਣ, ਜੱਸੀ ਤੱਲਣ, ਅਵਤਾਰ ਬਸਰਾ, ਸੰਤ ਦੇਸ ਰਾਜ, ਡਾ. ਰਜਿੰਦਰ ਸਿੰਘ, ਡਾ. ਚਰਨਜੀਤ, ਪ੍ਰਿੰ. ਰੂਪ ਲਾਲ, ਲਾਲੀ ਬਹਿਰਾਮ, ਸਰਪੰਚ ਕਮਲੇਸ ਰਾਣੀ, ਗਿਆਨੀ ਇਕਬਾਲ ਸਿੰਘ ਪਟਨਾ ਸਾਹਿਬ ਸਮੇਤ ਕਈ ਹੋਰ ਹਾਜ਼ਰ ਸਨ। ਆਖਿਰ ਵਿਚ ਸੰਤ ਸੁਰਿੰਦਰ ਦਾਸ ਵਲੋਂ ਵਿਦਵਾਨਾਂ ਲੇਖਕਾਂ ਬੁੱਧੀਜੀਵੀਆਂ ਦਾ ਧੰਨਵਾਦ ਅਤੇ ਸਨਮਾਨ ਸਤਿਕਾਰ ਕੀਤਾ ਗਿਆ।



# ਟੈਨੇਸੀ ’ਚ ਚੱਕਰਵਾਤ ਦਾ ਕਹਿਰ, 25 ਦੀ ਮੌਤ



ਵਾਸ਼ਿੰਗਟਨ- ਅਮਰੀਕੀ ਰਾਜ ਟੈਨੇਸੀ ਵਿਚ ਮੰਗਲਵਾਰ ਸਵੇਰੇ ਆਏ ਚੱਕਰਵਾਤੀ ਤੂਫਾਨ ਨੇ ਕਾਫੀ ਤਬਾਹੀ ਮਚਾਈ। ਇਸ ਦੀ ਲਪੇਟ ਵਿਚ ਆ ਕੇ 25 ਲੋਕਾਂ ਦੀ ਮੌਤ ਹੋ ਗਈ। ਕਈ ਇਮਾਰਤਾਂ ਪੂਰੀ ਤਰ੍ਹਾਂ ਨਸ਼ਟ ਹੋ ਗਈਆਂ। ਬਿਜਲੀ ਲਾਇ-ਨਿਾਂ ਨੁਕਸਾਨੇ ਜਾਣ ਨਾਲ ਹਜ਼ਾਰਾਂ ਘਰਾਂ ਵਿਚ ਲੋਕ ਬਿਨਾਂ ਬਿਜਲੀ ਦੇ ਰਹਿਣ ਲਈ ਮਜਬੂਰ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਸ਼ੁੱਕਰਵਾਰ ਨੂੰ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨਗੇ। ਉਨ੍ਹਾਂ ਨੇ ਪੀੜਤਾਂ ਦੀ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਇਹ ਤੂਫਾਨ ਰਾਜ ਵਿਚ ਹੋਣ ਵਾਲੀਆਂ ਪ੍ਰਾਇਮਰੀ ਚੋਣਾਂ ਤੋਂ ਕੁਝ ਦੇਰ ਪਹਿਲਾਂ ਆਇਆ, ਜਿਸ ਵਜ੍ਹਾ ਨਾਲ ਮਤਦਾਨ ਲਈ ਸਮਾਂ ਵਧਾਉਣਾ ਪਿਆ।

ਰਾਸ਼ਟਰੀ ਮੌਸਮ ਵਿਭਾਗ ਨੇ ਇਸ ਨੂੰ ਹੁਣ ਤਕ ਦਾ ਸਭ ਤੋਂ ਭਿਆਨਕ ਤੂਫਾਨ ਦੱਸਿਆ ਹੈ। ਟੀਵੀ ’ਤੇ ਚੱਲ ਰਹੇ ਤਬਾਹੀ ਨਾਲ ਜੁੜੇ ਦ੍ਰਿਸ਼ਾਂ ਵਿਚ ਸੂਬੇ ਦੀ ਰਾਜਧਾਨੀ ਨੈਸ਼ਵਿਲੇ ਵਿਚ ਨੁਕਸਾਨੀਆਂ ਗਈਆਂ ਕਾਰਾਂ ਦਾ ਢੇਰ ਦਿਖ ਰਿਹਾ ਹੈ। ਜੌਨ ਸੀ ਟਿਊਨ ਏਅਰਪੋਰਟ ਦਾ ਹੈਂਗਰ ਵੀ ਪੂਰੀ ਤਰ੍ਹਾਂ ਨਸ਼ਟ ਹੋ ਗਿਆ ਅਤੇ ਉੱਥੇ ਖੜ੍ਹੇ ਦਰਜਨਾਂ ਜਹਾਜ਼ ਇਕ-ਦੂਜੇ ਨਾਲ ਟਕਰਾ ਕੇ ਨੁਕਸਾਨੇ ਗਏ। ਗਵਰਨਰ ਬਿਲ ਲੀ ਨੇ ਟਵਿਟਰ ’ਤੇ ਲਿਖਿਆ, ਅਸੀਂ ਆਉਣ ਵਾਲੇ ਸਮੇਂ ਵਿਚ ਬਚਾਅ ਅਤੇ ਰਾਹਤ ਕਾਰਜਾਂ ਵਿਚ ਹੋਰ ਤੇਜ਼ੀ ਲਿਆਵਾਂਗੇ। ਨਾਲ ਹੀ ਪ੍ਰਭਾਵਿਤ ਇਲਾਕਿਆਂ ਵਿਚ ਜਵਾਨਾਂ ਨੂੰ ਭੇਜਣ ਦਾ ਕੰਮ ਜਾਰੀ ਰੱਖਾਂਗੇ। ਮੇਅਰ ਜੌਨ ਕੂਪਰ ਨੇ ਦੱਸਿਆ ਕਿ ਲਗਪਗ 150 ਲੋਕਾਂ ਨੂੰ ਹਸਪਤਾਲ ਵਿਚ ਭਰਤੀ ਕਰਾਇਆ ਗਿਆ ਹੈ। ਤੂਫਾਨ ਨਾਲ 15 ਮਤਦਾਨ

# ਵਿਸ਼ਵ ਰੰਗ ਮੰਚ ਦਿਹਾੜਾ ਸਮਾਗਮ 28 ਨੂੰ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵਿਸ਼ਵ ਰੰਗ ਮੰਚ ਦਿਹਾੜਾ 28 ਮਾਰਚ ਦਿਨ ਸ਼ਨਿਚਰਵਾਰ ਬਾਅਦ ਦੁਪਹਿਰ ਠੀਕ 2:30 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਮਨਾਇਆ ਜਾਏਗਾ।

ਅੱਜ ਦੇਸ਼ ਭਗਤ ਯਾਦਗਾਰ ਹਾਲ ’ਚ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਦੀ ਪ੍ਰਧਾਨਗੀ ’ਚ ਹੋਈ ਮੀਟਿੰਗ ’ਚ ਵਿਸ਼ਵ ਰੰਗ ਮੰਚ ਦਿਹਾੜੇ ਸਬੰਧੀ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸਮਾਗਮ ਦਾ ਆਗਾਜ਼ ਮੁਲਕ ਦੇ ਨਾਮਵਰ ਵਿਦਵਾਨ, ਅਜੋਕੇ ਚੁਣੌਤੀਆਂ ਭਰੇ ਦੌਰ ਨੂੰ ਮੁਖ਼ਾਤਬ ਨਿਧੜਕ ਆਵਾਜ਼, ਉਘੇ ਫ਼ਿਲਮਸਾਜ਼ ਅਤੇ ਕਵੀ ਗੌਹਰ ਰਜ਼ਾ ਦੀ ਤਕਰੀਰ ਨਾਲ ਹੋਏਗਾ।

ਉਪਰੰਤ ਮੰਨੇ ਪ੍ਰਮੰਨੇ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਅੰਨ੍ਹੇ ਨਿਸ਼ਾਨਚੀ’ ਲੋਕ ਕਲਾ ਮੰਚ ਮਾਨਸਾ ਵੱਲੋਂ ਖੇਡਿਆ ਜਾਏਗਾ। ਕਮੇਟੀ ਨੇ ਇਸ ਵਾਰ ਵਿਸ਼ਵ ਰੰਗ ਮੰਚ ਦਿਹਾੜਾ ਸਮਾਗਮ ਮੁਲਕ ਦੇ ਲੋਕਾਂ ਉਪਰ ਝੁੱਲ ਰਹੇ ਫ਼ਿਰਕੂ ਫਾਸ਼ੀ ਝੱਖੜਾਂ ਖਿਲਾਫ਼ ਜੂਝਦੇ ਲੋਕਾਂ ਦੇ ਨਾਂਅ ਸਮਰਪਤ ਕਰਨ ਦਾ ਫੈਸਲਾ ਕੀਤਾ ਹੈ। ਭਵਿੱਖ ਦੇ ਬੂਹੇ ’ਤੇ ਦਸਤਕ ਦੇ ਰਹੇ ਹੋਰ ਵੀ ਗੰਭੀਰ ਦੌਰ ਅੰਦਰ ਰੰਗ ਕਰਮੀ ਆਪਣੇ ਲੋਕਾਂ ਨਾਲ ਜੋਟੀ ਮਜ਼ਬੂਤ ਕਰਨ ਦਾ ਅਹਿਦ ਉਚਿਆਉਣਗੇ।

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu



ਪਾਸਟਰ ਐਂਥਨੀ ਗੁਰਸੇਵਕ ਬਾਠ ਨੂੰ ਉਹਨਾਂ ਦੇ ਜਨਮ ਦਿਨ ਤੇ ਵਧਾਈ ਦਿੰਦੇ ਹੋਏ।

# ਢਾਡੀ ਤੇ ਕਵੀਸ਼ਰ ਭਰਾਵਾਂ ਵੱਲੋਂ ਇਤਿਹਾਸ ਦੀ ਵਿਆਖਿਆ ਲਈ ਵਿਗਿਆਨਕ ਪਹੁੰਚ ਅਪਣਾਈ ਜਾਵੇ- ਪ੍ਰੋ: ਗੁਰਭਜਨ ਗਿੱਲ

**ਲੁਧਿਆਣਾ–** ਪਿੰਡ ਭਮੱਦੀ ਵਿਖੇ ਜਗਤ ਪ੍ਰਸਿੱਧ ਢਾਡੀ ਸ: ਤਰਲੋਚਨ ਸਿੰਘ ਭਮੱਦੀ ਤੇ ਹੋਰ ਸੂਝਵਾਨ ਢਾਡੀਆਂ ਕਵੀਸ਼ਰਾਂ ਤੇ ਪਰਚਾਰਕਾਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਸਿੱਖ ਵਿਰਾਸਤ ਦੇ ਅਮੀਰ ਵਿਰਸੇ ਨੂੰ ਪੇਸ਼ ਕਰਦਿਆਂ ਵਿਗਿਆਨਕ ਪਹੁੰਚ ਦਾ ਪੱਲਾ ਨਾ ਛੱਡਿਆ ਜਾਵੇ। ਇਸ ਸਿਲਸਿਲੇ ਵਿੱਚ ਸਾਡੇ ਕੋਲ ਗਿਆਨੀ ਸੋਹਣ ਸਿੰਘ ਸੀਤਲ, ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ, ਕੁਲਵੰਤ ਸਿੰਘ ਬੀ ਏ ਤੇ ਨਵੇਂ ਢਾਡੀ ਰਾਗ ਲਿਖਾਰੀਆਂ ਚੋਂ ਮੁਖਤਿਆਰ ਸਿੰਘ ਜ਼ਫਰ ਤੇ ਹੁਣ ਤਰਲੋਚਨ ਸਿੰਘ ਭਮੱਦੀ ਦਾ ਨਾਮ ਉੱਘੜਵਾਂ ਹੈ। ਤਰਲੋਚਨ ਸਿੰਘ ਭਮੱਦੀ ਦੀ ਪੁਸਤਕ ਦਰ ਤੇਰੇ ਤੇ ਖੜ੍ਹੇ ਸਵਾਲੀ ਹਾਸਲ ਕਰਨ ਉਪਰੰਤ ਉਨ੍ਹਾਂ ਕਿਹਾ ਕਿ ਮਾਣਮੱਤੇ ਸਿੱਖ ਵਿਰਸੇ ਨੂੰ ਬ੍ਰਾਹਮਣੀ ਸੋਚ ਧਾਰਾ ਦੀ ਅਮਰਵੇਲ ਪਛਾਨਣ ਦੀ ਲੋੜ ਹੈ ਕਿਉਂਕਿ ਸਿੱਖ ਵਿਸ਼ਵਾਸ ਪ੍ਰਤੱਖ ਤੇ ਪ੍ਰਮਾਣੀਕ ਹੈ, ਕਰਾਮਾਤੀ ਨਹੀਂ। ਉਨ੍ਹਾਂ ਕਿਹਾ ਕਿ ਢਾਡੀ ਤੇ ਕਵੀਸ਼ਰ ਵੀਰਾਂ ਨੂੰ ਸਾਧੂ ਦਯਾ ਸਿੰਘ ਆਰਿਫ਼ ਦਾ ਜ਼ਿੰਦਗੀ ਬਿਲਾਸ, ਸ਼ਾਹ ਮੁਹੰਮਦ ਦਾ ਜੰਗਨਾਮਾ ਸਿੰਘਾਂ ਤੇ ਫਰੰਗੀਆਂ, ਕਾਦਰਯਾਰ ਦਾ ਪੂਰਨ ਭਗਤ, ਗਦਰ ਗੂੰਜਾਂ ਅਤੇ ਪ੍ਰੋ: ਦੀਦਾਰ ਸਿੰਘ ਰਚਿਤ ਕਿੱਸਾ ਸ਼ਹੀਦ ਭਗਤ



ਸਿੰਘ ਵੀ ਗਾ ਕੇ ਸਮੂਹ ਪੰਜਾਬੀਆਂ ਤੀਕ ਪਹੁੰਚਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਸੰਗ ਵਿੱਚ ਪੀ ਟੀ ਸੀ ਤੇ ਹੋਰ ਚੈਨਲਜ਼ ਦੀ ਸਹਾਇਤਾ ਲਈ ਜਾ ਸਕਦੀ ਹੈ। ਇਸ ਵੇਲੇ ਕੈਨੇਡਾ ਵੱਸਦੇ ਸ: ਤਰਲੋਚਨ ਸਿੰਘ ਭਮੱਦੀ ਨੇ ਸਭ ਸੁਝਾਵਾਂ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਉਹ ਆਪਣੇ ਭਾਈਚਾਰੇ ਤੀਕ ਇਹ ਸੁਨੇਹਾ ਪਹੁੰਚਾਉਣਗੇ ਅਤੇ ਖ਼ੁਦ ਵੀ ਕਾਰਜਸ਼ੀਲ ਹੋਣਗੇ। ਉਨ੍ਹਾਂ ਦੱਸਿਆ ਕਿ ਮੈਂ ਇਸ ਵੇਲੇ ਸ਼ਹੀਦ ਮੇਵਾ ਸਿੰਘ ਲੋਪੋਕੇ ਦਾ ਸ਼ਹੀਦੀ ਪਰਸੰਗ ਲਿਖ ਰਿਹਾ ਹਾਂ। ਇਵੇਂ ਹੀ ਸਿੱਖ ਇਤਿਹਾਸ ਨੂੰ ਵੀ ਢਾਡੀ ਰਾਗ ਵਿੱਚ ਲਿਖ ਰਿਹਾਂ। ਭਾਈ ਮਹਾਰਾਜ ਸਿੰਘ ਜੀ ਅਤੇ ਬਾਬਾ ਬੀਰ ਸਿੰਘ ਨੌਰੰਗਾਬਾਦੀ ਬਾਰੇ ਵੀ ਲਿਖਣ ਦਾ ਵਿਚਾਰ ਹੈ।

ਇਸ ਮੌਕੇ ਹਾਜ਼ਰ ਸ: ਪਿਰਥੀਪਾਲ ਸਿੰਘ ਹੇਅਰ ਪ੍ਰਧਾਨ ਸੁਰਜੀਤ ਸਪੋਰਟਸ ਐਸੋਸੀਏਸ਼ਨ ਬਟਾਲਾ ਨੇ ਕਿਹਾ ਕਿ ਸਿੰਘ ਸੂਰਮਿਆਂ ਦੇ ਦਿਹਾੜੇ ਹਰ ਸਾਲ ਕੌਮੀ ਪੱਧਰ ਤੇ ਮਨਾਉਣ ਦੀ ਲੋੜ ਹੈ। ਉਨ੍ਹਾਂ ਦੀ ਸੰਸਥਾ ਹਰ ਸਾਲ ਜਰਨੈਲ ਹਰੀ ਸਿੰਘ ਨਲੂਆ ਦਾ ਸ਼ਹੀਦੀ ਦਿਹਾੜਾ ਸੂਰਮਗਤੀ ਦਿਵਸ ਵਜੋਂ ਪਿੰਡ ਕੋਟਲਾ ਸ਼ਾਹੀਆ ਚ ਮਨਾਉਂਦੀ ਹੈ ਅਤੇ ਇਸ ਸਾਲ ਵੀ 30ਅਪਰੈਲ ਨੂੰ ਮਨਾਵਾਂਗੇ। ਉਨ੍ਹਾਂ ਕਿਹਾ ਕਿ ਕਾਲਿਜਾਂ ਚ ਪੜ੍ਹਦੇ ਢਾਡੀ ਜਥਿਆਂ ਦੇ ਮੁਕਾਬਲੇ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਵਿਰਾਸਤ ਨਾਲ ਜੋੜ ਸਕਦੇ ਹਾਂ। ਭਮੱਦੀ ਸਹਿਕਾਰੀ ਸਭਾ ਦੇ ਸਕੱਤਰ ਸ: ਬੂਟਾ ਸਿੰਘ ਭਮੱਦੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਡੈਮੋਕ੍ਰੇਟਿਕ ਰਾਸ਼ਟਰਪਤੀ ਉਮੀਦਵਾਰੀ ਦੀ ਦੌੜ ਤੋਂ ਹਟੇ ਨੌਜਵਾਨ ਨੇਤਾ ਪੀਟ ਬਟੀਗੀਗ

ਵਾਸ਼ਿੰਗਟਨ– ਇੰਡੀਆਨਾ ਦੇ ਸਾਊਥ ਬੈਂਡ ਸ਼ਹਿਰ ਦੇ ਸਾਬਕਾ ਮੇਅਰ ਅਤੇ ਨੌਜਵਾਨ ਨੇਤਾ ਪੀਟ ਬਟੀਗੀਗ ਅਮਰੀਕਾ ਦੀ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਵਿਚ ਚੱਲ ਰਹੀ ਰਾਸ਼ਟਰਪਤੀ ਉਮੀਦਵਾਰੀ ਦੀ ਦੌੜ ਤੋਂ ਹੱਟ ਗਏ ਹਨ। ਉਨ੍ਹਾਂ ਦਾ ਇਹ ਫ਼ੈਸਲਾ ਹੈਰਾਨ ਕਰਨ ਵਾਲਾ ਹੈ ਕਿਉਂਕਿ ਉਹ ਆਯੋਵਾ ਦੇ ਪ੍ਰਾਇਮਰੀ ਚੋਣ ਵਿਚ ਜੇਤੂ ਬਣ ਕੇ ਉਭਰੇ



ਸਨ। ਉਨ੍ਹਾਂ ਦੇ ਹਟਣ ਨਾਲ ਪਹਿਲੇ ਉਪ ਰਾਸ਼ਟਰਪਤੀ ਜੋ ਬਿਡੇਨ ਨੂੰ ਫ਼ਾਇਦਾ ਹੋਣ ਦੀ ਉਮੀਦ ਪ੍ਰਗਟਾਈ ਜਾ ਰਹੀ ਹੈ। ਡੈਮੋਕ੍ਰੇਟਿਕ ਪਾਰਟੀ ਵਿਚ ਹੁਣ ਛੇ ਦਾਅਵੇਦਾਰ ਰਹਿ ਗਏ ਹਨ।

ਆਯੋਵਾ ਦੀ ਪ੍ਰਾਇਮਰੀ ਚੋਣ ਵਿਚ ਬਟੀਗੀਗ ਨੇ 77 ਸਾਲ ਦੇ ਜੋ ਬਿਡੇਨ ਅਤੇ 79 ਸਾਲ ਦੇ ਬਰਨੀ ਸੈਂਡਰਸ ਵਰਗੇ ਦਿੱਗਜ ਆਗੂਆਂ ਨੂੰ ਮਾਤ ਦਿੱਤੀ ਸੀ ਪ੍ਰੰਤੂ ਉਹ ਹੋਰ ਰਾਜਾਂ ਦੀ ਪ੍ਰਾਇਮਰੀ ਚੋਣ ਵਿਚ ਸੈਂਡਰਸ ਤੋਂ ਥੋੜ੍ਹਾ ਪਿੱਛੇ ਰਹਿ ਗਏ ਸਨ। ਸ਼ਨਿਚਰਵਾਰ ਨੂੰ ਸਾਊਥ ਕੈਰੋਲੀਨਾ ਪ੍ਰਾਇਮਰੀ ਵਿਚ ਉਹ ਤੀਜੇ ਸਥਾਨ ’ਤੇ ਰਹੇ ਸਨ। ਸਾਊਥ ਕੈਰੋਲੀਨਾ ਵਿਚ ਜਿੱਤ ਨਾਲ ਜੋ ਬਿਡੇਨ ਨੇ ਵਾਪਸੀ ਕੀਤੀ ਹੈ। 38 ਸਾਲ ਦੇ ਬਟੀਗੀਗ ਨੇ ਸੋਮਵਾਰ ਨੂੰ ਆਪਣੇ ਸਮੱਰਥਕਾਂ ਵਿਚਕਾਰ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਦਾ ਐਲਾਨ ਕਰ ਦਿੱਤਾ।

### 14 ਰਾਜਾਂ ’ਚ ਪ੍ਰਾਇਮਰੀ ਚੋਣ

ਡੈਮੋਕ੍ਰੇਟਿਕ ਪਾਰਟੀ ਵਿਚ ਮੰਗਲਵਾਰ ਨੂੰ ਕੈਲੀਫੋਰਨੀਆ ਸਮੇਤ 14 ਰਾਜਾਂ ਵਿਚ ਪ੍ਰਰਾਇਮਰੀ ਚੋਣ ਕਰਵਾਈ ਗਈ। ਪਾਰਟੀ ਦੀਆਂ ਇਨ੍ਹਾਂ ਪ੍ਰਾਇਮਰੀ ਚੋਣਾਂ ਵਿਚ ਜੇਤੂ ਬਣਨ ਵਾਲੇ ਵਿਅਕਤੀ ਨੂੰ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾਇਆ ਜਾਵੇਗਾ। ਇਸ ਸਾਲ ਤਿੰਨ ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਉਹ ਡੋਨਾਲਡ ਟਰੰਪ ਨੂੰ ਚੁਣੌਤੀ ਦੇਵੇਗਾ।

# ਭਾਰਤ ’ਚ ਕੋਰੋਨਾ ਵਾਇਰਸ ਦੇ 10 ਨਵੇਂ ਮਰੀਜ਼ਾਂ ਦੀ ਪੁਸ਼ਟੀ ਹੋਈ

ਨਵੀਂ ਦਿੱਲੀ : ਦੇਸ਼ ਵਿਚ ਮੰਗਲਵਾਰ ਨੂੰ ਕੋਰੋਨਾ ਵਾਇਰਸ ਦੇ 10 ਨਵੇਂ ਮਾਮਲੇ ਸਾਹਮਣੇ ਆਏ ਹਨ। ਕੇਰਲ ਨੇ ਛੇ ਨਵੇਂ ਮਾਮਲਿਆਂ ਦੀ ਜਾਣਕਾਰੀ ਦਿੱਤੀ ਹੈ। ਸੂਬੇ ਵਿਚ ਮਰੀਜ਼ਾਂ ਦੀ ਗਿਣਤੀ 12 ਹੋ ਗਈ ਹੈ। ਉੱਥੇ ਕਰਨਾਟਕ ਵਿਚ ਵੀ 4 ਮਾਮਲੇ ਸਾਹਮਣੇ ਆਏ ਹਨ। ਇਸ ਦੇ ਨਾਲ ਹੀ ਭਾਰਤ ਵਿਚ ਮਰੀਜ਼ਾਂ ਦੀ ਗਿਣਤੀ ਹੁਣ ਤਕ 54 ਹੋ ਗਈ ਹੈ। ਕੇਰਲ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ ਕਿਹਾ ਕਿ ਸੱਤਵੀਂ ਕਲਾਸ ਤਕ ਦੀ ਕਲਾਸਾਂ ਤੇ ਪ੍ਰੀਖਿਆਵਾਂ 31 ਮਾਰਚ ਤਕ ਰੱਦ ਰਹਿਣਗੀਆਂ। ਕਲਾਸ 8, 9 ਤੇ 10 ਦੀਆਂ ਪ੍ਰੀਖਿਆਵਾਂ ਨਿਰਧਾਰਿਤ ਪ੍ਰੋਗਰਾਮ ਅਨੁਸਾਰ ਆਯੋਜਿਤ ਕੀਤੀਆਂ ਜਾਣਗੀਆਂ। 31 ਮਾਰਚ ਤਕ ਸਾਰੇ ਟਿਊਸ਼ਨ ਕਲਾਸ, ਆਂਗਣਵਾੜੀ, ਮਦਰੱਸੇ ਬੰਦ ਰਹਿਣਗੇ।

ਚੀਨ ਦੇ ਵੂਹਾਨ ਤੋਂ ਨਿਕਲਿਆ ਕੋਰੋਨਾ ਵਾਇਰਸ ਤੇਜ਼ੀ ਨਾਲ ਦੁਨੀਆ ਨੂੰ ਆਪਣੀ ਲਪੇਟ ਵਿਚ ਲੈਂਦਾ ਜਾ ਰਿਹਾ ਹੈ। ਵਿਸ਼ਵ ਭਰ ਵਿਚ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਇਕ ਲੱਖ 13 ਹਜ਼ਾਰ ਨੂੰ ਪਾਰ ਕਰ ਗਈ ਹੈ ਜਦਕਿ ਚਾਰ ਹਜ਼ਾਰ ਲੋਕਾਂ ਤੋਂ ਜ਼ਿਆਦਾ ਦੀ ਮੌਤ ਹੋ ਗਈ ਹੈ। ਭਾਰਤ ਵੀ ਇਸ ਘਾਤਕ ਵਾਇਰਸ ਤੋਂ ਅਛੂਤਾ ਨਹੀਂ ਰਹਿ ਪਾਇਆ। ਦੇਸ਼ ਭਰ ਵਿਚ ਕੋਰੋਨਾ ਵਾਇਰਸ ਤੋਂ ਸੰਕ੍ਰਮਿਤ 44 ਲੋਕਾਂ ਦੀ ਪੁਸ਼ਟੀ ਹੋ ਚੁੱਕੀ ਹੈ। ਇਸ ਵਿਚ ਕੇਰਲ ਦੀ ਤਿੰਨ ਸਾਲ ਦੀ ਵੀ ਸ਼ਾਮਲ ਹੈ, ਜੋ ਆਪਣੇ ਮਾਤਾ ਪਿਤਾ ਨਾਲ ਇਟਲੀ ਤੋਂ ਪਰਤੀ ਹੈ।

### ਸ਼ਿਵਰਾਜ ਸਿੰਘ ਬੋਲੇ—ਇਹ ਕਾਂਗਰਸ ਦਾ ਅੰਦਰੂਨੀ ਮੁੱਦਾ, ਸਾਡਾ ਲੈਣਾ-ਦੇਣਾ ਨਹੀਂ

ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਵਿਚ ਮਚੇ ਬਵਾਲ ਦਰਮਿਆਨ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਉੱਘੇ ਨੇਤਾ ਸ਼ਿਵਰਾਜ ਸਿੰਘ ਚੌਹਾਨ ਨੇ ਮੰਗਲਵਾਰ ਨੂੰ ਕਾਂਗਰਸ ਦੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਸੂਬੇ ਵਿਚ ਚੱਲ ਰਹੇ ਰਾਜਨੀਤਕ ਸੰਕਟ ਨਾਲ ਕੁਝ ਵੀ ਲੈਣਾ ਦੇਣਾ ਨਹੀਂ ਹੈ। ਕਮਲਨਾਥ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦਾ ਇਹ ਅੰਦਰੂਨੀ ਮਾਮਲਾ ਹੈ।

ਉੱਧਰ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਦੇਰ ਰਾਤ ਦਿੱਲੀ ਵਿਚ ਪਾਰਟੀ ਦੇ ਉੱਘੇ ਨੇਤਾਵਾਂ ਨਾਲ ਮੀਟਿੰਗ ਕੀਤੀ।

### 20 ਮੰਤਰੀਆਂ ਨੇ ਸੌਂਪੇ ਅਸਤੀਫੇ

ਸੋਮਵਾਰ ਰਾਤ ਕਮਲਨਾਥ ਕੈਬਨਿਟ ਦੀ ਐਮਰਜੈਂਸੀ ਬੈਠਕ ਵਿਚ 20 ਮੰਤਰੀਆਂ ਨੇ ਆਪਣੇ ਅਸਤੀਫੇ ਸੌਂਪ ਦਿੱਤੇ। ਮੰਤਰੀਆਂ ਨੇ ਮੁੱਖ ਮੰਤਰੀ ਨਾਲ ਮੰਤਰੀ ਮੰਡਲ ਦਾ ਨਵੇਂ ਸਿਰੇ ਤੋਂ ਗਠਨ ਕਰਨ ਦੀ ਬੇਨਤੀ ਕੀਤੀ ਹੈ।

### ਰਾਜ ਸਭਾ ਭੇਜਣ ’ਤੇ ਵਿਚਾਰ

ਸੂਬਾ ਸਰਕਾਰ ’ਤੇ ਮੰਡਰਾਉਂਦੇ ਖ਼ਤਰੇ ਨੂੰ ਦੇਖਦੇ ਹੋਏ ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਨੇ ਮੁੱਖ ਮੰਤਰੀ ਕਮਲਨਾਥ ਨੂੰ ਹੱਲ ਦੇ ਸਾਰੇ ਬਦਲਾਂ ਦਾ ਰਸਤਾ ਖੋਲ੍ਹੇ ਰੱਖਣ ਨੂੰ ਕਿਹਾ ਹੈ।

TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

‘ਦੇਸ਼ ਦੁਆਬਾ’

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਅਰਪਨ ਸੰਸਥਾ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ

ਅਰਪਨ ਸੰਸਥਾ ਵਲੋਂ ਵੂਮੈਨ ਇਮੰਪਾਵਰਮੈਂਟ ਸੈਂਟਰ ਪੁਰਾਣਾ ਗੁਰੂਦੁਆਰਾ ਨੰਗਲ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਸਬੰਧੀ ਇੱਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਅਰਪਨ ਸੰਸਥਾ ਦੇ ਪ੍ਰਧਾਨ ਰੋਟੇਰੀਅਨ ਪਰਮਿੰਦਰ ਸੰਧੂ ਵਿਸੇਸ ਤੋਰ ਤੇ ਪਹੁੰਚੇ ਅਤੇ ਅੰਤਰਰਾਸਟਰੀ ਮਹਿਲਾ ਦਿਵਸ ਦੇ ਮਹੱਤਵ ਬਾਰੇ ਦੱਸਿਆ। ਊਨ੍ਹਾਂ ਨੇ ਕਿਹਾਕਿ ਲੜਕੀਆਂ ਕਿਸੇ ਵੀ ਤਰਾਂ ਲੜਕਿਆਂ ਨਾਲੋਂ ਘੱਟ ਨਹੀਂ ਹਨ ਸਗੋਂ ਕਈ ਖੇਤਰਾਂ ਵਿੱਚ ਲੜਕਿਆਂ ਤੋਂ ਵੀ ਅੱਗੇ ਹਨ। ਉਹਨਾਂ ਨੇ ਕਿਹਾਕਿ ਜੇਕਰ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਪੜ੍ਹਣ ਅਤੇ ਵਿਕਾਸ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਉਹ ਵੀ ਅਪਣੇ ਮਾਪਿਆਂ ਦਾ, ਪਿੰਡ ਦਾ, ਸਮਾਜ ਦਾ ਅਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਦੀਆਂ ਹਨ। ਉਹਨਾਂ ਨੇ ਇਸ ਮੌਕੇ ਤੇ ਔਰਤਾਂ ਨੂੰ ਬੇਨਤੀ ਕੀਤੀ ਕਿ ਉਹ ਕੁੜੀਆਂ ਨਾਲ ਕਿਸੇ ਵੀ ਤਰਾਂ ਦਾ ਪੱਖਪਾਤ ਨਾ ਕਰਨ ਅਤੇ ਉਹਨਾ ਨੂੰ ਵੀ ਮੁੰਡਿਆਂ ਦੇ ਬਰਾਬਰ ਹੀ ਸਹੂਲਤਾਂ ਦੇਣ। ਮੈਡਮ ਮੋਨਿਕਾ ਪ੍ਰੋਜੈਕਟ ਕੋਆਰਡੀਨੇਟਰ ਆਰ ਸੀ ਐਚ, ਮੈਡਮ ਪੂਜਾ, ਰੀਤਿਕਾ ਸਿਵਾਨੀ ਆਦਿ ਨੇ ਮਹਿਲਾ ਦਿਵਸ ਬਾਰੇ ਅਪਣੇ ਅਪਣੇ ਵਿਚਾਰ ਪੇਸ਼ ਕੀਤੇ। ਇਸ ਮੋਕੇ ਅਰਪਨ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਕਿਹਾ ਕਿ ਮਹਿਲਾਵਾਂ ਲਈ ਬਣੇ ਕਈ ਅਧਿਕਾਰਾਂ ਦੀ ਸਹੀ ਅਤੇ ਪੂਰੀ ਵਰਤੋਂ ਨਹੀਂ ਹੋ ਰਹੀ ਹੈ ਅਤੇ ਮਹਿਲਾਵਾਂ ਨੂੰ ਇਨ੍ਹਾਂ ਦਾ ਲਾਭ ਲਹੀਂ ਮਿਲ ਰਿਹਾ ਹੈ।। ਉਨ੍ਹਾਂ ਨੇ ਐਮ ਟੀ ਪੀ ਐਕਟ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਗਰਭਪਾਤ ਦਾ ਨਾਮ ਸੁਣਦਿਆਂ ਹੀ ਬਹੁਤੇ ਲੋਕਾਂ ਦੇ ਦਿਮਾਗ ਵਿੱਚ ਮਾੜੀ ਸੋਚ ਵਾਲੇ ਖਿਆਲ ਆਂਦੇ ਹਨ। ਐਮਟੀਪੀ ਐਕਟ ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਕਈ ਮਹਿਲਾਵਾਂ ਨੂੰ ਦਰ ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ ਅਤੇ ਬਹਤੀਆਂ ਮਹਿਲਾਵਾਂ ਨੂੰ ਮਜਬੂਰਨ ਅਸੁਰੱਖਿਅਤ ਗਰਭਪਾਤ ਹੀ ਕਰਵਾਉਣਾਂ ਪੈਂਦਾ ਹੈ ਜਿਸ ਲਈ ਆਰਥਿਕ ਨੁਕਸਾਨ ਤਾਂ ਹੁੰਦਾ ਹੀ ਹੈ ਅਤੇ ਕਈ ਮਹਿਲਾਵਾਂ ਦੀ ਮੋਤ ਵੀ ਹੋ ਜਾਂਦੀ ਹੈ। ਉਨ੍ਹਾਂ ਨੇ ਗਰਭਪਾਤ ਸਬੰਧੀ ਅੰਕੜੇ ਅਤੇ ਵੱਖ ਵੱਖ ਰਿਪੋਰਟਾਂ ਸਾਂਝੀਆਂ ਕੀਤੀਆਂ ਊਨ੍ਹਾਂ ਦੱਸਿਆ ਭਾਰਤ ਵਿੱਚ ਹਰ ਸਾਲ ਲੱਗਭੱਗ 1.56 ਕਰੋੜ੍ਹ ਗਰਭਪਾਤ ਹੁੰਦੇ ਹਨ, 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ, ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫਿਸਦੀ ਮੋਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ 10 ਮਹਿਲਾਵਾਂ ਦੀ ਮੋਤ ਹੁੰਦੀ ਹੈ। ਮੈਡਮ ਮੋਨਿਕਾ ਨੇ ਮਹਿਲਾਵਾਂ ਦੀ ਰੀਪ੍ਰੋਡਕਟਿਵ ਹੈਲਥ ਬਾਰੇ ਜਾਣਕਾਰੀ ਦਿੱਤੀ। ਮੈਡਮ ਪੂਜਾ ਨੇ ਮਹਿਲਾਵਾਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਾਉਣ ਵਾਲੀਆਂ ਸਕੀਮਾਂ ਬਾਰੇ ਦੱਸਿਆ। ਮੈਡਮ ਰੀਤਿਕਾ ਨੇ ਔਰਤਾਂ ਦੀ ਭਲਾਈ ਲਈ ਬਣਾਈਆਂ ਗਈਆਂ ਸਕੀਮਾਂ ਅਤੇ ਸਹੂਲਤਾਂ ਬਾਰੇ ਦੱਸਿਆ ਕਿ ਸਮਾਜਿਕ ਵਿਕਾਸ ਅਤੇ ਆਰਥਿਕ ਤੌਰ ਤੇ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਮਹਿਲਾਵਾਂ ਨੂੰ ਇਨ੍ਹਾਂ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ ਵਿਕਾਸ ਹੋ ਸਕੇ। ਪਵਨ ਕੁਮਾਰ ਨੇ ਔਰਤਾਂ ਲਈ ਬਣੇ ਹੋਏ ਕਨੂੰਨਾਂ ਦਹੇਜ ਵਿਰੋਧੀ ਕਨੂੰਨ, ਘਰੇਲੂ ਹਿੰਸਾ ਵਿਰੋਧੀ ਕਨੂੰਨ, ਐਮ ਟੀ ਪੀ ਐਕਟ ਅਤੇ ਪੀ ਸੀ ਐਨ ਡੀ ਟੀ ਐਕਟ ਆਦਿ ਬਾਰੇ ਵਿਸਥਾਰ ਵਿੱਚ ਦੱਸਿਆ। ਅਸੋਕ ਕੁਮਾਰ ਨੇ ਮਹਿਲਾਵਾਂ ਅਤੇ ਬੱਚਿਆਂ ਲਈ ਚੱਲ ਰਹੀਆਂ ਸਿਹਤ ਸਕੀਮਾਂ ਸਬੰਧੀ ਜਾਣਕਾਰੀ ਦਿਤੀ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰੀ ਸਕੀਮਾਂ ਦਾ ਪੂਰਾ ਲਾਭ ਲੈਣ। ਇਸ ਕੈਂਪ ਵਿੱਚ ਨੇਹਾ,ਪੂਨਮ , ਅਨੁਰਾਧਾ , ਜੋਤੀ , ਲਖਵਿੰਦਰ ਕੌਰ , ਸੁਨੀਤਾ, ਕੰਚਨ, ਅਨੀਤਾ, ਰੇਨੂੰ, ਦੀਕਸਾ, ਪਿੰਕੀ, ਰਜਨੀ, ਪ੍ਰੀਤੀ, ਸਰਵਜੀਤ ਕੌਰ, ਰੀਤੂ, ਪੂਜਾ, ਪ੍ਰੇਮ ਪਤਾ, ਪ੍ਰਿਅੰਕਾ ਆਦਿ ਹਾਜ਼ਰ ਸਨ। **- ਕੁਲਦੀਪ ਚੰਦ**




# ਪੰਜਾਬੀ ਸਾਹਿਤ ਸਭਾ ਯੂਬਾ ਸਿਟੀ/ਕੈਲੇਫੋਰਨੀਆਂ ਵੱਲੋਂ ਪੰਜਾਬੀ ਸਾਹਿਤ ਤੇ ਸਭਿਆਚਾਰਕ ਪਰੋਗਰਾਮ



ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ķ ਕੈਲੇਫੋਰਨੀਆਂ ਵੱਲੋਂ ਅੱਜ ਚਰਚਿਤ ਡਰਾਮ-ਾਟਿਸਟ,ਐਕਟਰ ਅਤੇ ਫਿਲਮ ਡਾਇਰੈਕਟਰ ਅਸ਼ੋਕ ਟਾਂਗੜੀ ਅਤੇ ਅਮਰੀਕਣ ਸਾ-ਹਤਕਾਰ ਤਾਰਾ ਸਾਗਰ ਦੀਆਂ ਪਰਾਪਤੀਆਂ ਅਤੇ ਪੰਜਾਬੀ ਸਾਹਿਤ ਤੇ ਸਭਿਆਚਾਰਕ ਦੇਣਾਂ ਨੂੰ ਮੁੱਖ ਰੱਖਦੇ ਹੋਏ ਸਨਮਾਨਿੱਤ ਕੀਤਾ ਗਿਆ.ਡਾ ਦਲਵੀਰ ਸਿੰਘ ਪੰਨੂੰ ਨੂੰ ਵੀ ਉਹਨਾ ਦੀ ਨਵੀ ਛਪੀ ਕਿਤਾਬ " ਠਹਣ ੰਕਿਹ੍ਰ ਏਰਟਿਅਗਏ " ਲਈ ਸਨਮਾਨਤ ਕੀਤਾ ਗਿਆ।

ਪਰੋਗਰਾਮ ਦੀ ਸ਼ੁਰੂਆਤ ਕਰਦਿਆਂ ਡਾ ਹਰਬੰਸ ਸਿੰਘ ਢਿੱਲੋਂ "ਜਗਿਆਸੂ" ਨੇ ਪਰੋਗਰਾਮ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਅੱਜ ਦਾ ਪਰੋਗਰਾਮ ਮਾਂ ਬੋਲੀ ਦਿਵਸ ਨੂੰ ਸਮਰਪਿਤ ਕੀਤਾ ਜਾਵੇਗਾ। ਪਰੋਗਰਾਮ ਦੇ ਸ਼ੁਰੂ ਵਿਚ ਸਰਦਾਰ ਜਸਪਾਲ ਸੂਸ ਨੇ ਅਸ਼ੋਕ ਟਾਂਗੜੀ ਦੇ ਜੀਵਨ ਸਫਰ ਤੇ ਤਾਰਾ ਸਾਗਰ ਦੇ ਜੀਵਨ ਸਫਰ ਵਾਰੇ ਵਿਸਥਾਰ ਨਾਲ ਚਾਨਣਾ ਪਾਇਆ, ਡਾ.ਹਰਬੰਸ ਸਿੰਘ ਢਿੱਲੋਂ " ਜਗਿਆਸੂ ਨੇ ਡਾ.ਦਲਵੀਰ ਸਿੰਘ ਪੰਨੂੰ ਨਾਲ ਜਾਣ ਪਹਿਚਾਣ ਕਰਵਾਈ, ਇਸ ਉਪਰੰਤ ਅਸ਼ੋਕ ਟਾਂਗੜੀ ਤਾਰਾ ਸਾਗਰ ਤੇ ਡਾ.ਦਲਵੀਰ ਸਿੰਘ ਪੰਨੂੰ ਦਾ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪਰਦਾਨ ਹਰਜਿੰਦਰ ਸਿੰਘ ਪੰਧੇਰ ਤੇ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ/ ਕੈਲੇਫੋਰਨੀਆਂ ਦੇ ਪਰਧਾਨ ਡਾ. ਹਰਬੰਸ ਸਿੰਘ ਢਿੱਲੋਂ "ਜਗਿਆਸੂ" ਨੇ ਸਭਾ ਵੱਲੋਂ ਗੋਲਡ ਮੈਡਲਾ/ ਸਨਮਾਨ ਚਿੰਨਾਂ ਨਾਲ ਸਨਮਾਨ ਕੀਤਾ।

ਇਸ ਸਮੇਂ ਡਾ ਦਲਵੀਰ ਸਿੰਘ ਪੰਨੂੰ ਜੀ ਨੇ ਇੱਕ ਬਹੁਤ ਹੀ ਖਾਸ ਸਲਾਈਡ ਸ਼ੋਅ ਸਭ ਨਾਲ ਸਾਂਝਾ ਕੀਤਾ ਜੋ ਆਪਣੇ ਆਪ ਵਿੱਚ ਇੱਕ ਮਿਸਾਲ ਬਣ ਗਿਆ,ਇਹ ਸਲਾਇਡ ਸ਼ੋਅ ਉਹਨਾ ਦੀ ਕਿਤਾਬ ਵਾਰੇ ਤੇ ਪਾਕਿਸਤਾਨ ਵਿਚ ਰਹਿ ਗਏ ਗੁਰੂਦੁਵਾਰਿਆਂ ਵਾਰੇ ਸੀ,ਡਾ ਸਾਹਿਬ ਦੇ ਇਸ ਸ਼ਲਾਂਘਾਯੋਗ ਕੰਮ ਦਾ ਸਭ ਆਏ ਦੋਸਤਾਂ ਨੇ ਤਾੜੀਆਂ ਨਾਲ ਸੁਵਾਗਤ ਕੀਤਾ। ਹਰਜਿੰਦਰ ਸਿੰਘ ਪੰਧੇਰ ਨੇ ਬੋਲੀ ਦਿਵਸ ਉੱਤੇ ਇਕ ਬਹੁਤ ਹੀ ਮਹੱਤਵ ਪੂਰਨ ਪਰਚਾ ਪੜਿਆ,ਜਿਸ ਦੀ ਖੂਭ ਸ਼ਲਾਂਘਾ ਹੋਈ।

ਇਸ ਉਰੰਤ ਇੱਕ ਮਿੰਨੀ ਕਵੀ ਦਰਵਾਰ ਕੀਤਾ ਗਿਆ, ਰਚਨਾਵਾਂ ਦੇ ਦੌਰ ਵਿੱਚ ਸਭਾ ਦੇ ਜਨਰਲ ਸਕੱਤਰ ਜਤਿੰਦਰ ਸਿੰਘ ਢਿੱਲੋਂ, ਸਰਵਜੀਤ ਕੌਰ,ਤਾਰਾ ਸਾਗਰ,ਸਰਦਾਰ ਜਸਪਾਲ ਸੂਸ,ਡਾ ਜਗਿਆਸੂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਸਭ ਦਾ ਮਨੋਰੰਜਨ ਕੀਤਾ.ਬਲਜਿੰਦਰ ਸਿੰਘ ਬਰਾੜ ਨੇ ਅੰਤ ਵਿਚ ਆਪਣੇ ਵਿਚਾਰ ਸਭ ਨਾਲ ਸਾਂਝੇ ਕੀਤੇ। ਇਸ ਤੋਂ ਇਲਾਵਾ ਹਰਜੀਤ ਕੌਰ,ਕਾਰਜਲੀਨ ਕੌਰ, ਸਤਨਾਮ ਤਾਤਲਾ, ਜੋਰਾਵਾਰ ਸਿੰਘ,ਤਰਦੀਪ ਸਿੰਘ, ਸੁਖਵਿੰਦਰ ਸਿੰਘ ਢਿੱਲੋਂ, ਇੰਦਰਜੀਤ ਰੰਧਾਵਾ, ਪਰਮੋਧ ਅਗਰਵਾਲ, ਸੁਰਿੰਦਰ ਸਿੰਘ, ਸੁਖਦੇਵ ਸਿੰਘ ਮੁੰਡੀ, ਸਰਪੰਚ ਦਿਆਲ ਰਾਮ ਨਰ, ਸੁਖਦੇਵ ਸਿੰਘ ਢਿੱਲੋਂ, ਸਤਨਾਮ ਸਿੰਘ ਨਿੱਝਰ ਅਤੇ ਹੋਰ ਸਾਹਿਤ ਪਰੇਮੀਆਂ ਨੇ ਭਾਗ ਲੈਕੇ ਇਸ ਪਰੋਗਰਾਮ ਨੂੰ ਚਾਰ ਚੰਨ ਲਾਏ।

ਅਗਲੇ ਮਹੀਨੇ ਦੀ ਮੀਟਿੰਗ ਦਾ ਵੇਰਵਾ ਦਿੰਦੇ ਤੇ ਸਭ ਆਏ ਮਹਿਮਾਨਾਂ ਦਾ ਅਤੇ ਤਾਜ ਰੈਸ਼ਟੋਰੈਂਟ ਦੇ ਮਾਲਕਾਂ ਦਾ ਸਭਾ ਦੇ ਪ੍ਰਧਾਨ ਡਾ. ਹਰਬੰਸ ਸਿੰਘ ਢਿੱਲੋਂ "ਜਗਿਆਸੂ" ਨੇ ਧੰਨਵਾਦ ਕੀਤਾ।

# ਜੰਗ-ਏ-ਆਜ਼ਾਦੀ ਦੇ ਮਾਰਚ ਮਹੀਨੇ

ਹਿੰਦੋਸਤਾਨ ਦੀ ਧਰਤੀ ਉੱਪਰ ਬਾਹਰਲੀਆਂ ਤਾਕਤਾਂ ਨੇ ਹਜ਼ਾਰਾਂ ਸਾਲ ਰਾਜ ਕੀਤਾ । ਲੁੱਟ-ਖਸੁੱਟ ਕੀਤੀ ਅਤੇ ਜਮੀਨਾਂ ਦੀਆ ਕੁਰਕੀਆ ਕੀਤੀਆਂ । 1849 ਤੋਂ ਬਾਅਦ ਪੰਜਾਬ ਦੀ ਰਾਜਨੀਤਿਕ , ਸਮਾਜਿਕ , ਅਤੇ ਆਰਥਿਕ ਹਾਲਤ ਵਿੱਚ ਆਈ ਤਬ-ਦੀਲੀ ਦੇ ਦਰਦਨਾਇਕ ਸਿੱਟਿਆਂ ਵਿਰੁੱਧ ਉੱਠੀ ਆਵਾਜ਼ ਜੋ ਵੀਂਹਵੀਂ ਸਦੀ ਦੇ ਦੂਸਰੇ ਦਹਾਕੇ ’ਚ ਗ਼ਦਰ ਲਹਿਰ ਦੇ ਰੂਪ ’ਚ ਰੂਪਮਾਨ ਹੋਈ ।

ਗ਼ਦਰੀ ਯੋਧਿਆਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਬੇਇੰਨਸਾਫ਼ੀਆਂ ਦੇ ਵਿਰੁੱਧ ਸੰਘਰਸ਼ ਕੀਤੇ, ਜਲਾਵਤਨੀਆਂ ਸਹੀਆਂ, ਤਸੀਹੇ ਸਹੇ, ਤੇ ਫਾਂਸੀਆਂ ਦੇ ਰੱਸੇ ਚੁੰਮੇ।

ਸਾਲਾਂ ਬੱਧੀ ਅੰਗਰੇਜ ਰਾਜ ਵਿਰੁੱਧ ਚੱਲੇ ਆਜ਼ਾਦੀ ਸੰਘਰਸ਼ ਵਿੱਚ ਵੱਖ ਵੱਖ ਲਹਿਰਾਂ ਨੇ ਹਿੱਸਾ ਪਾਇਆ ।ਸਾਲ ਦੇ ਹਰ ਮਹੀਨੇ ਸ਼ਹੀਦਾਂ ਦੀ ਲਾਈਨ ਵੱਧਦੀ ਗਈ ,ਉਨ੍ਹਾਂ ਦੀ ਯਾਦ ਵਿੱਚ ਮਾਰਚ ਮਹੀਨੇ ਦੀ ਜਾਣਕਾਰੀ:-

2, ਮਾਰਚ 1918 ਨੂੰ ਸ.ਭਾਨ ਸਿੰਘ ਸੁਨੇਤ (ਲੁਧਿਆਣਾ) ਅੰਡੇਮਾਨ ਜੇਲ੍ਹ ’ਚ ਸ਼ਹੀਦੀ ।

13, ਮਾਰਚ 1915 ਨੂੰ ਹਵਾਲਦਾਰ ਸੁਲੇਮਾਨ , ਨਾਇਕ ਮੁਨਸ਼ੀ ਖ਼ਾਨ , ਨਾਇਕ ਜ਼ਾਫ਼ਰ ਅਲੀ, ਲਾਸ ਨਾਇਕ ਹਜ਼ਾਰ ਖ਼ਾਨ ਅਤੇ ਕਈ ਹੋਰਾਂ ਨੂੰ ਸਿੰਘਾਪੁਰ ’ਚ ਗੋਲੀਆਂ ਮਾਰਕੇ ਸ਼ਹੀਦ ਕੀਤਾ ।

15, ਮਾਰਚ ਨੂੰ ਸਾਥੀ ਸਰੋਜ ਦਾ ਸ਼ਹੀਦ ਹੋਏ (ਦਾ ,ਬੰਗਾਲੀ ਭਾਸ਼ਾ ਵਿੱਚ ਵੱਡੇ ਭਰਾ ਨੂੰ ਕਹਿੰਦੇ ਹਨ)

18, ਮਾਰਚ 1898 ਨੂੰ ਦਮੋਦਰ ਚਾਪੇਕਰ ਜੀ ਸ਼ਹੀਦ ਹੋਏ ।

19, ਮਾਰਚ 1942 ਨੂੰ ਟੋਕੀਓ ਨੇੜੇ ਵਾਪਰੇ ਜਹਾਜ਼ ਹਾਦਸੇ ਵਿੱਚ ਇੰਡੀਅਨ ਇੰਡੀਪੈਂਡੈਂਸ ਲੀਗ ਦੇ ਮੈਬਰ ਸਵਾਮੀ ਸਤਿਆਨੰਦ ਪੁਰੀ , ਗਿ. ਪ੍ਰੀਤਮ ਸਿੰਘ , ਕੈਪਟਨ ਮੁਹੰਮਦ ਅਕਰਮ ਖਾਨ ’ਤੇ ਨੀਲ ਕੰਠ ਆਇਰ ਸ਼ਹੀਦ ਹੋਏ ।

23, ਮਾਰਚ 1931 ਨੂੰ ਸ.ਭਗਤ ਸਿੰਘ ਇਨਕਲਾਬੀ ਲਹਿਰ ਨੂੰ ਸੋਸ਼ਲਿਸਟ ਵਿਚਾਰ ਪ੍ਰਦਾਨ ਕਰਨ ਵਾਲਾ ਗੱਭਰੂ , ਨੌਜਵਾਨ ਭਾਰਤ ਸਭਾ ਦਾ ਮੋਢੀ, ਲੋਕ ਵਿਰੋਧੀ ਬਿੱਲਾਂ ਦਾ ਵਿਰੋਧ ਕਰਦੇ ਹੋਏ ਦਿੱਲੀ ਦੀ ਅਸੰਬਲੀ ’ਚ ਬੰਬ ਸੁੱਟਣ ਦੇ ਦੋਸ਼ ਵਿੱਚ ਉਮਰ ਕੈਦ , ਲਾਹੌਰ ਸਾਜਿਸ਼ ਕੇਸ ਵਿੱਚ ਫਾਂਸੀ।

ਰਾਜਗੁਰੂ (ਸ਼ਿਵ ਰਾਮ) ਪਿੰਡ ਖੇੜਾ (ਮਹਾਰਾਸ਼ਟਰ) ਦਾ ਜੰਮਪਲ ਸਾਂਡਰਸ ਦੇ ਕਤਲ ਕੇਸ ’ਚ ਫਾਂਸੀ।

ਸੁਖਦੇਵ ਲਾਇਲਪੁਰ (ਅੱਜ ਦਾ ਪਾਕਿਸਤਾਨ) ਲਹੌਰ ਸਾਜਿਸ਼ ਕੇਸ ਦੇ ਜੱਜ ਨੇ ਲਿਖਿਆ ਸਾਰੀ ਸਾਜਿਸ਼ ਦਾ ਦਿਮਾਗ ਸੀ ਜਦ ਕਿ ਭਗਤ ਸਿੰਘ ਇਸਦੀ ਸੱਜੀ ਬਾਂਹ ਸੀ ਨੂੰ ਫਾਂਸੀ।

23, ਮਾਰਚ 1915 ਨੂੰ ਮਲਾਇਆ ਸਟੇਟ ਗਾਈਡ ਨੇ ਕੋਰਟ ਮਾਰਸ਼ਲ ਕਰਕੇ ਝੰਡੇ ਖ਼ਾਨ , ਚਿਸ਼ਤੀ ਖ਼ਾਨ , ਰਹਿਮਤ ਅਲੀ , ਹਾਕਮ ਅਲੀ , ਅਬਦੁਲ ਗਨੀ 105 ਲਾਈਟ ਇੰਨਫ਼ੈਨਟਰੀ ਦੇ 14 ਗ਼ਦਰੀਆਂ ਨੂੰ ਗੋਲੀਆਂ ਮਾਰਕੇ ਸ਼ਹੀਦ ਕੀਤਾ।

26, ਮਾਰਚ 1915 ਨੂੰ ਈਸ਼ਰ ਸਿੰਘ ਅਤੇ ਫੂਲਾ ਸਿੰਘ ਮਰੌਠ ਨੂੰ ਫਾਂਸੀ ।

27, ਮਾਰਚ 1915 ਨੂੰ ਪੰਡਿਤ ਕਾਂਸ਼ੀ ਰਾਮ ਮੜੌਲੀ (ਰੋਪੜ) ਗ਼ਦਰ ਪਾਰਟੀ ਦੇ ਪਹਿਲੇ ਖਜ਼ਾਨਚੀ, ਫਿਰੋਜ਼ ਸ਼ਾਹ ਕਤਲ ਕੇਸ ’ਚ ਫਾਂਸੀ, ਰਹਿਮਤ ਅਲੀ ਵਜ਼ੀਦਕੇ(ਸੰਗਰੂਰ) , ਲਾਲ ਸਿੰਘ ਸਾਹਿਬਆਣਾ (ਲੁਧਿਆਣਾ) , ਜੀਵਨ ਸਿੰਘ ਦੌਲੇ ਸਿੰਘਵਾਲ (ਪਟਿਆਲਾ), ਜਗਤ ਸਿੰਘ ਬਿੰਝਲ (ਲੁਧਿਆਣਾ) , ਡਾ.ਮਥਰਾ ਸਿੰਘ ਢੁਲਿਆਲ (ਜੇਹਲਮ) ਸਾਰੇ ਆਜ਼ਾਦੀ ਦੇ ਪਰਵਾਨਿਆਂ ਨੇ ਫਾਂਸੀ ਦਾ ਰੱਸਾ ਚੁੰਮਕੇ ਸ਼ਹੀਦੀਆਂ ਪਾਈਆਂ।

29 , ਮਾਰਚ 1917 ਡਾ.ਅਰੂੜ ਸਿੰਘ (ਸੰਘਵਾਲ ਜਲੰਧਰ) ਬੰਤਾ ਸਿੰਘ ਸੰਘਵਾਲ ਨੂੰ ਫੜਾਉਣ ਵਾਲੇ ਮੁਖ਼ਬਰ ਨੂੰ ਮਾਰਨ ਦੇ ਦੋਸ਼ ’ਚ ਲਾਹੌਰ ਜੇਲ੍ਹ ਵਿੱਚ ਫਾਂਸੀ , ਭਾਈ ਬਲਵੰਤ ਸਿੰਘ ਖ਼ੁਰਦ ਪੁਰ (ਜਲੰਧਰ) ਗ਼ਦਰ ਸਰਗਮੀਆਂ ਕਰਕੇ ਫਾਂਸੀ , ਹਾਫ਼ਿਜ਼ ਅਬਦੁੱਲਾ (ਫਿਲਪੀਨ ਗ਼ਦਰ ਪਾਰਟੀ ਦਾ ਪ੍ਰਧਾਨ) ਨੂੰ ਤੀਜੇ ਲਾਹੌਰ ਸਾਜਿਸ਼ ਕੇਸ ਵਿੱਚ ਫਾਂਸੀ।

ਆਜ਼ਾਦੀ ਦੇ ਪਰਵਾਨਿਆਂ ਨੂੰ ਯਾਦ ਕਰਦੇ ਹੋਏ ਸਾਡੇ ਸਭ ਦੇ ਫ਼ਰਜ਼ ਬਣਦੇ ਹਨ ਕਿ ਸ਼ਹੀਦਾਂ ਦੀ ਦ੍ਰਿਸ਼ਟੀ ਦੇ ਸਮਾਜ ਲਈ ਰਹਿ ਗਏ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਕਦਮ ਵਧਾਈਏ। ਇਹ ਸ਼ਹੀਦਾਂ ਲਈ ਇੱਕ ਸੱਚੀ ਸ਼ਰਧਾਂਜ਼ਲੀ ਹੋਵੇਗੀ । ਇਹ ਸਾਰੇ ਸ਼ਹੀਦ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਦੇ ਇਤਿਹਾਸਕ ਪੰਨ੍ਹਿਆਂ ਉੱਪਰ ਸਿਤਾਰਿਆਂ ਵਾਂਗ ਸਦਾ ਚਮਕਦੇ ਰਹਿਣਗੇ ।

**ਵਲੋਂ :-ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊ ਯਾਰਕ**

ਨੋਟ :- ਜੇ ਤੁਹਾਡੇ ਕੋਲ , ਵੱਖ ਵੱਖ ਲਹਿਰਾਂ ਨਾਲ ਜੁੜੇ ਆਜ਼ਾਦੀ ਘੁਲਾਟੀਆਂ ਦੀ ਵਧੇਰੇ ਜਾਣਕਾਰੀ ਹੈ ਤਾਂ ਸਾਡੇ ਨਾਲ ਸਾਂਝੀ ਕਰੋ ਜੀ।

**-ਮਨਮੋਹਨ ਸਿੰਘ ਪੂੰਨੀ**


BERKSHIRE HATHAWAY
BH HS BERKSHIRE HATHAWAY HOMESERVICES
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828

# ਨਾਸਾ ਦੇ ਰੋਵਰ ਨੇ ਲਈਆਂ ਮੰਗਲ ਦੀਆਂ ਅਦਭੁੱਤ ਤਸਵੀਰਾਂ

ਵਾਸ਼ਿੰਗਟਨ- ਨਾਸਾ ਦੇ ਕਿਊਰਿਓਸਿਟੀ ਰੋਵਰ ਨੇ ਮੰਗਲ ਗ੍ਰਹਿ ਦੀਆਂ ਅਦਭੁੱਤ ਤਸਵੀਰਾਂ ਕੈਦ ਕੀਤੀਆਂ ਹਨ। ਹੁਣ ਤਕ ਦੇ ਸਭ ਤੋਂ ਵੱਧ 1.8 ਅਰਬ ਪਿਕਸਲ ਰੈਜ਼ੋਲੁਸ਼ਨ ਵਾਲੀਆਂ ਇਨ੍ਹਾਂ ਤਸਵੀਰਾਂ ਵਿਚ ਲਾਲ ਗ੍ਰਹਿ ਦਾ ਅਨੋਖਾ ਨਜ਼ਾਰਾ ਦਿ-ਖਾਈ ਦਿੰਦਾ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਅਨੁਸਾਰ ਰੋਵਰ ’ਤੇ ਲੱਗੇ ਮਾਸਟ ਕੈਮਰੇ ਨੇ ਆਪਣੇ ਟੈਲੀਫੋਟੋ ਲੈਨਜ਼ ਦੀ ਮਦਦ ਨਾਲ ਪਿਛਲੇ ਸਾਲ 24 ਨਵੰਬਰ ਤੋਂ ਇਕ ਦਸੰਬਰ ਵਿਚਕਾਰ ਇਕ ਹਜ਼ਾਰ ਤੋਂ ਜ਼ਿਆਦਾ ਤਸਵੀਰਾਂ ਲਈਆਂ ਸਨ। ਇਨ੍ਹਾਂ ਤਸਵੀਰਾਂ ਵਿਚ ਰੋਵਰ ਦਾ ਡੈੱਕ ਅਤੇ ਰੋਬੋਟਿਕ ਆਰਮ ਵੀ ਦਿਖਾਈ ਪੈਂਦੇ ਹਨ। ਤਸਵੀਰਾਂ ਵਿਚ ਮੰਗਲ ਦੇ ਮਾਊਂਟ ਸ਼ਾਰਪ ਦੇ ’ਗਲੇਨ ਟੋਰੀਡੋਨ’ ਖੇਤਰ ਦੀ ਝਲਕ ਦੇਖਣ ਨੂੰ ਮਿਲਦੀ ਹੈ। ਇਸੇ ਖੇਤਰ ਵਿਚ ਕਿਊਰਿਓਸਿਟੀ ਰੋਵਰ ਆਪਣੇ ਮਿਸ਼ਨ ਨੂੰ ਅੰਜਾਮ ਦੇ ਰਿਹਾ ਹੈ। ਨਾਸਾ ਦੇ ਖੋਜਕਰਤਾਵਾਂ ਨੇ ਦੱਸਿਆ ਕਿ ਰੋਵਰ ਲਈ ਇਹ ਦੁਰਲੱਭ ਮੌਕਾ ਸੀ ਜਦੋਂ ਉਸ ਨੇ ਆਪਣੇ ਇਰਦ-ਗਿਰਦ ਦੀਆਂ ਸਥਿਤੀਆਂ ਨੂੰ ਕੈਮਰੇ ਵਿਚ ਕੈਦ ਕੀਤਾ। ਕਿਊਰਿਓਸਿਟੀ ਰੋਵਰ ਮਿਸ਼ਨ ਨੂੰ ਕੰਟਰੋਲ ਕਰਨ ਵਾਲੀ ਨਾਸਾ ਦੀ ਜੈੱਟ ਪ੍ਰੋਪਲਸ਼ਨ ਲੈਬਾਰਟਰੀ ਦੇ ਵਿਗਿਆਨਕ ਅਸ਼ਵਨੀ ਵਸਾਵਦਾ ਨੇ ਕਿਹਾ ਕਿ ਮਿਸ਼ਨ ਦੌਰਾਨ ਅਸੀਂ ਪਹਿਲੀ ਵਾਰ 360 ਡਿਗਰੀ ਵਾਲੀ ਤਸਵੀਰ ਨੂੰ ਆਪਣੀ ਮੁਹਿੰਮ ਸਮਰਪਿਤ ਕੀਤੀ। ਰੋਵਰ ਨੇ ਇਸ ਤੋਂ ਪਹਿਲੇ 2013 ਵਿਚ 1.3 ਅਰਬ ਪਿਕਸਲ ਰੈਜ਼ੋਲੂਸ਼ਨ ਦੀ ਤਸਵੀਰ ਲਈ ਸੀ।



### ਕਾਰ ਦੇ ਆਕਾਰ ਦੇ ਹੈ ਰੋਵਰ

ਜੀਵਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਕਿਊਰਿਓਸਿਟੀ ਰੋਵਰ ਨੂੰ 26 ਨਵੰਬਰ, 2011 ਨੂੰ ਲਾਂਚ ਕੀਤਾ ਗਿਆ ਸੀ। ਕਾਰ ਦੇ ਆਕਾਰ ਵਾਲਾ ਇਹ ਰੋਵਰ ਛੇ ਅਗਸਤ, 2012 ਨੂੰ ਮੰਗਲ ਦੇ ਤਲ ’ਤੇ ਉਤਰਿਆ ਸੀ। ਤਦ ਤੋਂ ਰੋਵਰ ਆਪਣੀ ਮੁਹਿੰਮ ਨੂੰ ਅੰਜਾਮ ਦੇ ਰਿਹਾ ਹੈ।

# ਕੋਰੋਨਾਵਾਇਰਸ ਦਾ ਖ਼ੌਂਫ਼: ਗੋਭੀ ਨਾਲੋਂ ਸਸਤਾ ਹੋ ਗਿਆ ਚਿਕਨ

**ਨਵੀਂ ਦਿੱਲੀ –** ਕੋਰੋਨਾ ਵਾਇਰਸ ਦੇ ਵੱਧ ਰਹੇ ਕਹਿਰ ਦੇ ਦੌਰਾਨ ਭਾਰਤ ਵਿੱਚ ਚਿਕਨ ਦੀ ਵਿਕਰੀ ਵਿੱਚ 50 ਪ੍ਰਤੀਸ਼ਤ ਤੋਂ ਵੱਧ ਦੀ ਗਿਰਾਵਟ ਆਈ ਹੈ। ਚਿਕਨ ਦੀਆਂ ਕੀਮਤਾਂ ਪਿਛਲੇ ਇਕ ਮਹੀਨੇ ਵਿਚ 70 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਘੱਟ ਗਈਆਂ ਹਨ।

ਗੋਦਰੇਜ ਐਗਰੋਵੇਟ ਦੇ ਇਕ ਉੱਚ ਅਧਿਕਾਰੀ ਨੇ ਵੀਰਵਾਰ ਨੂੰ ਕਿਹਾ ਕਿ ਅਜਿਹੀਆਂ ਅਫਵਾਹਾਂ ਸੋਸ਼ਲ ਮੀਡੀਆ ’ਤੇ ਚੱਲ ਰਹੀਆਂ ਹਨ ਕਿ ਚਿਕਨ ਤੋਂ ਕੋਰੋਨਾ ਵਾਇਰਸ ਫੈਲ ਸਕਦੀ ਹੈ। ਇਸ ਦੇ ਕਾਰਨ ਬਾਜ਼ਾਰ ਵਿੱਚ ਚਿਕਨ ਦੀ ਕੀਮਤ ਅਤੇ ਵਿਕਰੀ ਦੋਵੇਂ ਹੇਠਾਂ ਆ ਗਏ ਹਨ। ਗੋਦਰੇਜ ਐਗਰੋਵੇਟ ਦੇ ਮੈਨੇਜਿੰਗ ਡਾਇਰੈਕਟਰ ਬੀਐਸ ਯਾਦਵ ਨੇ ਕਿਹਾ ਕਿ ਗਰੁੱਪ ਦੀ ਪੋਲਟਰੀ ਬ੍ਰਾਂਚ - ਗੋਦਰੇਜ ਟਾਇਸਨ ਫੂਡਜ਼ ਉਪਰ ਵੀ ਇਸਦਾ ਅਸਰ ਪਿਆ ਹੈ ਕਿਉਂਕਿ ਪਿਛਲੇ ਇੱਕ ਮਹੀਨੇ ਵਿੱਚ ਉਨ੍ਹਾਂ ਦੀ ਵਿਕਰੀ ਵਿੱਚ 40 ਪ੍ਰਤੀਸ਼ਤ ਦੀ ਕਮੀ ਆਈ ਹੈ। ਪਹਿਲਾਂ ਕੰਪਨੀ ਇੱਕ ਹਫ਼ਤੇ ਵਿੱਚ ਛੇ ਲੱਖ ਚਿਕਨ ਵੇਚਦੀ ਸੀ ਜੋ ਕਿ ਹੁਣ ਕਾਫ਼ੀ ਘੱਟ ਗਈ ਹੈ। ਉਨ੍ਹਾਂ ਕਿਹਾ ਜੇ ਅਗਲੇ 2-3 ਮਹੀਨਿਆਂ ਵਿਚ ਜੇ ਇਹਨਾਂ ਅਫਵਾਹਾਂ ਨੂੰ ਠੱਲ ਪੈ ਗਈ ਤਾਂ ਚਿਕਨ ਦੀ ਖਪਤ ਵਧੇਗੀ ਅਤੇ ਫਿਰ ਦੇਸ਼ ਵਿਚ ਚਿਕਨ ਦੀ ਘਾਟ ਹੋ ਜਾਵੇਗੀ। ਇਸ ਦੇ ਕਾਰਨ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਹੈ। ਵਰਨਣਯੋਗ ਹੈ ਕਿ ਗੋਦਰੇਜ ਟਾਇਸਨ ਫੂਡਜ਼ ‘ਰੀਅਲ ਗੁੱਡ ਚਿਕਨ’ ਅਤੇ ‘ਯੰਮੀਜ਼’ ਦੇ ਬ੍ਰਾਂਡ ਦੇ ਤਹਿਤ ਤਾਜ਼ੇ ਅਤੇ ਫਰੋਜ਼ਨ ਚਿਕਨ ਨੂੰ ਵੇਚਦਾ ਹੈ। ਇਹ ਦੇਸ਼ ਵਿੱਚ ਚਿਕਨ ਦਾ ਸਭ ਤੋਂ ਵੱਡਾ ਉਤਪਾਦਕ ਹੈ ਅਤੇ ਇਸਦੇ ਬਾਅਦ ਵੈਂਕੀ ਅਤੇ ਸੁਗੁਨਾ ਦਾ ਸਥਾਨ ਆਉਂਦਾ ਹੈ। ਯਾਦਵ ਨੇ ਕਿਹਾ ਕਿ ਭਾਰਤ ਵਿਚ ਪ੍ਰਤੀ ਵਿਅਕਤੀ ਚਿਕਨ ਦੀ ਖਪਤ ਸਾਲਾਨਾ 4.5 ਕਿਲੋਗ੍ਰਾਮ ਹੈ ਜਦਕਿ ਇਸ ਮਾਮਲੇ ਵਿਚ ਵਿਸ਼ਵ ਪੱਧਰ ਤੇ ਔਸਤਨ 11 ਕਿਲੋਗ੍ਰਾਮ ਹੈ। ਸਭ ਤੋਂ ਵੱਧ ਔਸਤਨ 13 ਕਿਲੋ ਖਪਤ ਤਾਮਿਲਨਾਡੂ ਵਿੱਚ ਹੈ ਅਤੇ ਸਭ ਤੋਂ ਘੱਟ ਖਪਤ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਹੈ।



**ਅਫਵਾਹਾਂ ਨੂੰ ਰੋਕਣ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ**

ਗੋਦਰੇਜ ਐਗਰੋਵੇਟ ਦੇ ਮੈਨੇਜਿੰਗ ਡਾਇਰੈਕਟਰ ਨੇ ਕਿਹਾ ਹੈ ਕਿ ਸਰਕਾਰ ਨੇ ਇਹ ਐਡਵਾਈਜਰੀ ਜਾਰੀ ਕੀਤੀ ਹੈ ਕਿ ਕੋਰੋਨਾ ਵਾਇਰਸ ਚਿਕਨ ਦੁਆਰਾ ਨਹੀਂ ਫੈਲਦਾ। ਰਾਜ ਸਰਕਾਰਾਂ ਨੂੰ ਵੀ ਅਫਵਾਹਾਂ ਫੈਲਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਯਾਦਵ ਨੇ ਕਿਹਾ, ’ਚਿਕਨ ਭਾਰਤ ਵਿਚ ਖਾਣਾ ਸੁਰੱਖਿਅਤ ਹੈ ਪਰ ਕੋਰੋਨੋ ਵਾਇਰਸ ਦੇ ਚਿਕਨ ਦੇ ਫੈਲਣ ਦੀਆਂ ਅਫਵਾਹਾਂ ਨੇ ਸਾਡੇ ਦੇਸ਼ ਵਿਚ ਮੰਗ ਨੂੰ ਸਿਰਫ ਇਕ ਮਹੀਨੇ ਵਿਚ 50 ਪ੍ਰਤੀਸ਼ਤ ਤੋਂ ਵੱਧ ਅਤੇ ਬਾਜ਼ਾਰ ਦੀਆਂ ਕੀਮਤਾਂ ਵਿਚ 70 ਪ੍ਰਤੀਸ਼ਤ ਤੱਕ ਪ੍ਰਭਾਵਿਤ ਕੀਤਾ ਹੈ।

**ਇੱਕੋ ਹਫਤੇ ਵਿਚ ਚਿਕਨ ਦੀ ਵਿਕਰੀ 3.5 ਕਰੋੜ ਰਹਿ ਗਈ**

ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਇੱਕ ਹਫ਼ਤੇ ਵਿੱਚ ਚਿਕਨ ਦੀ ਵਿਕਰੀ 7.5 ਕਰੋੜ ਦੇ ਮੁਕਾਬਲੇ ਘੱਟ ਕੇ ਸਿਰਫ਼ 3.5 ਕਰੋੜ ਰਹਿ ਗਈ ਹੈ ਜਦਕਿ ਥੋਕ ਮੁੱਲ ਜੋ ਕਿ ਪਿਛਲੇ ਇੱਕ ਮਹੀਨੇ ਵਿੱਚ 100 ਰੁਪਏ ਕਿੱਲੋ ਸੀ, ਬਾਜ਼ਾਰ ਵਿੱਚ 35 ਰੁਪਏ ਪ੍ਰਤੀ ਕਿਲੋ ਰਹਿ ਗਿਆ ਹੈ ਜਦਕਿ ਇਸ ਦੀ ਲਾਗਤ ਕੀਮਤ ਹੀ 75 ਰੁਪਏ ਪ੍ਰਤੀ ਕਿੱਲੋ ਹੈ। ਯਾਦਵ ਨੇ ਕਿਹਾ, ਚਿਕਨ ਤੋਂ ਕੋਰੋਨੋਵਾਇਰਸ ਫੈਲਣ ਦੀਆਂ ਵਟ-ਸਐਪ ‘ਤੇ ਫੈਲ ਰਹੀਆਂ ਅਫਵਾਹਾਂ ਕਾਰਨ ਪੂਰਾ ਪੋਲਟਰੀ ਉਦਯੋਗ ਅਤੇ ਕਿਸਾਨ ਬੁਰੀ ਤਰ੍ਹਾ ਪ੍ਰਭਾਵਤ ਹੋਏ ਹਨ। ਚਿਕਨ ਦਾ ਉਤਪਾਦਨ ਵਧ ਗਿਆ ਹੈ ਜੋ ਬਹੁਤ ਹੀ ਘੱਟ ਕੀਮਤ ’ਤੇ ਬਾਜ਼ਾਰ ਵਿਚ ਖਪਤ ਕੀਤਾ ਜਾ ਰਿਹਾ ਹੈ।

**ਪਸ਼ੂ ਪਾਲਣ ਮੰਤਰੀ ਨੇ ਕੀ ਕਿਹਾ**

ਭਾਰਤ ਸਰਕਾਰ ਦੇ ਪਸ਼ੂ ਪਾਲਣ ਮੰਤਰੀ ਗਿਰੀਰਾਜ ਸਿੰਘ ਨੇ ਹਾਲ ਹੀ ਵਿੱਚ ਕਿਹਾ ਹੈ ਕਿ ਮਨਘੜਤ ਜਾਣਕਾਰੀ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ ਕਿਉਂਕਿ ਕੋਰੋਨਾ ਵਾਇਰਸ ਨਾਲ ਪੋਲਟਰੀ ਉਤਪਾਦਾਂ ਦਾ ਕੋਈ ਸਬੰਧ ਨਹੀਂ ਹੁੰਦਾ।

ਇਹ ਚਿਕਨ ਪੂਰੀ ਤਰ੍ਹਾਂ ਸੁਰੱਖਿਅਤ ਹਨ। ਲੋਕ ਬੇਝਿਜਕ ਹੋ ਕੇ ਪੋਲਟਰੀ ਚਿਕਨ ਦਾ ਸੇਵਨ ਕਰਨਾ ਨਿਸ਼ਚਤ ਕਰ ਸਕਦੇ ਹਨ। ਪਸ਼ੂ ਪਾਲਣ ਮੰਤਰਾਲੇ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕੋਰੋਨਾ ਵਾਇਰਸ ਦਾ ਪੋਲਟਰੀ ਉਤਪਾਦਾਂ ਨਾਲ ਕੋਈ ਸੰਪਰਕ ਦੁਨੀਆ ਭਰ ਵਿੱਚ ਨਹੀਂ ਮਿਲਿਆ ਹੈ ਅਤੇ ਨਾ ਹੀ ਪੋਲਟਰੀ ਪੰਛੀ ਜਾਂ ਪੋਲਟਰੀ ਉਤਪਾਦਾਂ ਤੋਂ ਕਿਸੇ ਵਿੱਚ ਇਹ ਵਾਇਰਸ ਫੈਲਿਆ ਹੈ।

# ਚੀਨ ਵਿਚ ਵਾਲਾਂ ਦੀ ਕਟਿੰਗ ਇੰਝ ਹੋ ਰਹੀ ਹੈ!

**ਬੀਜਿੰਗ –** ਚੀਨ ਦੇ ਵਿਚ ਕੋਰੋਨਾਵਾਇਰਸ ਵਿਚ 80,555 ਲੋਕ ਪੀੜਤ ਹਨ। ਹੁਣ ਤੱਕ ਲਗਭਗ 3042 ਲੋਕਾਂ ਦੀ ਮੌਤ ਹੋ ਚੁੱਕੀ ਹੈ। ਚੀਨ ਵਿਚ ਕੋਰੋਨਾਵਾਇਰਸ ਦਾ ਡਰ ਇੰਨਾ ਜ਼ਿਆਦਾ ਹੈ ਕਿ ਹੇਅਰਡਰੈਸਰ ਲੋਕਾਂ ਦੇ ਵਾਲ ਤਿੰਨ ਤੋਂ ਚਾਰ ਫੁੱਟ ਦੀ ਦੂਰੀ ਤੋਂ ਕੱਟਦੇ ਹਨ। ਅਜਿਹੀਆਂ ਵੀਡੀਓ ਚੀਨ ਦੇ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀਆਂ ਹਨ।

ਜੇ ਤੁਹਾਡਾ ਹੇਅਰਡਰੈਸਰ ਕਹਿੰਦਾ ਹੈ ਕਿ ਮੈਂ ਤੁਹਾਡੇ ਵਾਲਾਂ ਨੂੰ ਤਿੰਨ ਤੋਂ ਚਾਰ ਫੁੱਟ ਦੂਰ ਤੋਂ ਕੱਟ ਦਿਆਂਗਾ ਤਾਂ ਸ਼ਾਇਦ ਤੁਸੀਂ ਇਸ ’ਤੇ ਵਿਸ਼ਵਾਸ ਨਾ ਕਰੋ। ਤੁਹਾਨੂੰ ਲੱਗੇਗਾ ਕਿ ਇਸ ਤਰ੍ਹਾਂ ਕਰਨ ਦੇ ਨਾਲ ਤੁਹਾਡੇ ਵਾਲਾਂ ਦਾ ਸਟਾਈਲ ਖਰਾਬ ਹੋ ਜਾਵੇਗਾ ਪਰ ਇਹ ਚੀਨ ਵਿਚ ਹੋ ਰਿਹਾ ਹੈ। ਚੀਨ ਦੇ ਹੇਨਾਨ ਸੂਬੇ ਵਿਚ ਇਕ ਸੈਲੂਨ ਵਿਚ ਹੇਅਰਡਰੈਸਰ ਤਿੰਨ ਤੋਂ ਚਾਰ ਫੁੱਟ ਦੂਰੀ ਤੋਂ ਵਾਲ ਕੱਟ ਰਹੇ ਹਨ। ਹੇਅਰਡਰੈਸਰ ਲੋਕਾਂ ਦੇ ਵਾਲਾਂ ਦੀ ਸਟਾਈਲਿੰਗ ਵੀ ਤਿੰਨ ਤੋਂ ਚਾਰ ਫੁੱਟ ਦੂਰ ਤੋਂ ਹੀ ਕਰ ਰਹੇ ਹਨ। ਹੇਨਾਨ ਸੂਬੇ ਵਿੱਚ ਬਹੁਤ ਸਾਰੇ ਹੇਅਰ ਡ੍ਰੈਸਰਾਂ ਨੇ ਵਾਲਾਂ ਦੀ ਕਟਿੰਗ ਦੇ ਲਈ ਇੱਕ ਵਿਲੱਖਣ ਵਿਧੀ ਲੱਭੀ ਹੈ। ਇਥੋਂ ਦੇ ਹੇਅਰ ਡਰੈਸਰ ਲੰਬੇ-ਲੰਬੇ ਡੰਡਿਆਂ ਦੇ ਵਿਚ ਆਪਣੀ ਕੈਂਚੀ,





ਟ੍ਰਿਮਰ, ਬੁਰਸ਼, ਆਦਿ ਪਾ ਕੇ ਵਾਲਾਂ ਦੀ ਸਟਾਈਲਿੰਗ ਕਰ ਰਹੇ ਹਨ। ਨਾ ਸਿਰਫ ਹੈਨਨ ਪ੍ਰਾਂਤ ਵਿਚ ਬਲਕਿ ਚੀਨ ਦੇ ਸਿਚੁਆਨ ਸੂਬੇ ਦੇ ਲੁਝੌਓ ਵਿਚ ਵੀ ਹੇਅਰਡਰੈਸਰ ਇਸ ਢੰਗ ਦੀ ਵਰਤੋਂ ਕਰ ਰਹੇ ਹਨ। ਚੀਨ ਦੇ ਲੋਕ ਇਸ ਨੂੰ ਲੌਂਗ ਡਿਟੈਂਸ ਹੇਅਰ ਕਟਿੰਗ ਕਹਿ ਰਹੇ ਹਨ।

ਲੁਝੌਓ ਦੇ ਹੇਅਰ ਡਰੈਸਿੰਗ ਸਟਾਈਲਿਸ਼ ਹੇ ਬਿੰਗ ਨੇ ਕਿਹਾ ਹੈ ਕਿ ਕੁਆਰੰਟੀਨ ਟਾਈਮ ਲਗਭਗ ਖਤਮ ਹੋ ਗਿਆ ਹੈ। ਲੋਕ ਹੁਣ ਬਾਹਰ ਆ ਰਹੇ ਹਨ ਪਰ ਬਚਾਅ ਲਈ ਅਸੀਂ ਅਜੇ ਵੀ ਬਹੁਤ ਦੂਰ ਤੋਂ ਵਾਲ ਕੱਟਦੇ ਹਾਂ। ਇਸ ਕੰਮ ਵਿਚ ਮਿਹਨਤ ਬਹੁਤ ਜ਼ਿਆਦਾ ਹੈ ਤੇ ਬਹੁਤ ਬਰੀਕੀ ਦੇ ਨਾਲ ਧਿਆਨ ਰੱਖਣਾ ਪੈਂਦਾ ਹੈ। ਤੁਹਾਡੇ ਹੱਥਂ ਬਹੁਤ ਮਜ਼ਬੂਤ ਹੋਣੇ ਚਾਹੀਦੇ ਹਨ ਤਾਂ ਹੀ ਤੁਸੀਂ ਇੰਨੀ ਦੂਰੀ ਤੋਂ ਇਕ ਮਸ਼ੀਨ ਫੜ ਸਕੋਗੇ ਤੇ ਹੇਅਰਕਟਿੰਗ ਕਰ ਸਕੋਗੇ।

ਚੀਨ ਦੀ ਸਰਕਾਰ ਨੇ ਇਕ ਹੁਕਮ ਜਾਰੀ ਕੀਤਾ ਹੈ ਕਿ ਤੁਸੀਂ ਜਨਤਕ ਥਾਵਾਂ ’ਤੇ ਇਕ ਦੂਜੇ ਤੋਂ ਲਗਭਗ 5 ਫੁੱਟ ਦੀ ਦੂਰੀ ਰੱਖੋ ਤਾਂ ਕਿ ਕੋਰੋਨਾਵਾਇਰਸ ਫੈਲਣ ਦਾ ਜੋਖਮ ਬਹੁਤ ਘੱਟ ਜਾਵੇ।

ਚੀਨ ਵਿੱਚ ਕੋਰੋਨਾਵਾਇਰਸ ਦੇ ਨਤੀਜੇ ਵਜੋਂ ਨਵੇਂ ਕੋਰੋਨਾਵਾਇਰਸ ਤੋਂ ਪ੍ਰਭਾਵਿਤ ਲੋਕਾਂ ਦੇ ਵਿੱਚ ਮਹੱਤਵਪੂਰਣ ਕਮੀ ਆਈ ਹੈ। ਪਰ ਦੂਜੇ ਪਾਸੇ ਦੁਨੀਆ ਦੇ ਦੂਜੇ ਦੇਸ਼ਾਂ ਦੇ ਵਿੱਚ ਕੋਰੋਨਾ ਤੋਂ ਪੀੜਤ ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।


Law Office of

NIRWAN & ASSOCIATES



www.nirwanlaw.com

Business Incorporation

Articles of Incorp

Dissolution

501 © Non-Profit

Jagdip S. Nirwan, Esq

916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831


# ਹੁਣ ਮਠਿਆਈਆਂ ’ਤੇ ਹੋਵੇਗੀ ਮਿਆਦ ਅੰਕਿਤ

**ਨਵੀਂ ਦਿੱਲੀ–** ਕੇਂਦਰ ਸਰਕਾਰ ਨੇ ਇਕ ਨਵਾਂ ਕਾਨੂੰਨ ਲਿਆ ਕੇ ਹਲਵਾਈਆਂ ’ਤੇ ਆਪਣਾ ਹੋਰ ਸ਼ਿਕੰਜਾ ਕੱਸ ਦਿੱਤਾ ਹੈ, ਜਿਸ ਕਾਰਨ ਹਲਵਾਈ ਵਰਗ ਵਿਚ ਹਫੜਾ-ਦਫੜੀ ਮਚ ਗਈ ਹੈ। ਕੇਂਦਰ ਸਰਕਾਰ ਦੇ ਫੂਡ ਸੇਫ਼ਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ ਵਲੋਂ ਜਾਰੀ ਕੀਤੇ ਪੱਤਰ ਮੁਤਾਬਿਕ ਦੇਸ਼ ਦੀਆਂ ਸਾਰੀਆਂ ਸੂਬਾ ਸਰਕਾਰਾਂ ਨੂੰ ਲਿਖਿਆ ਹੈ ਕਿ ਹਲਵਾਈ ਹੁਣ ਸਾਰੀਆਂ ਮਠਿਆਈਆਂ ਉੱਪਰ ਮਠਿਆਈਆਂ ਬਣਾਉਣ ਅਤੇ ਉਨ੍ਹਾਂ ਦੀ ਮਿਆਦ ਖ਼ਤਮ ਹੋਣ ਸਬੰਧੀ ਮਿਤੀ ਅੰਕਿਤ ਕਰਨਗੇ । ਜਾਰੀ ਕੀਤੇ ਪੱਤਰ ਮੁਤਾਬਿਕ ਹਲਵਾਈਆਂ ਵਲੋਂ ਆਪਣੀਆਂ ਦੁਕਾਨਾਂ ਵਿਚ ਰੱਖੇ ਸ਼ੀਸ਼ੇ ਦੇ ਕਾਊਂਟਰਾਂ ਸਮੇਤ ਦੁਕਾਨ ਵਿਚ ਪਈਆਂ ਸਾਰੀਆਂ ਖੁੱਲ੍ਹੀਆਂ ਮਠਿਆਈਆਂ ਜਿਵੇਂ ਲੱਡੂ, ਜਲੇਬੀਆਂ, ਪਕੌੜਿਆਂ ਸਮੇਤ ਹਰ ਪ੍ਰਕਾਰ ਦੀਆਂ ਮਠਿਆਈਆਂ ਬਣਾਉਣ ਅਤੇ ਉਨ੍ਹਾਂ ਦੀ ਮਿਆਦ ਖ਼ਤਮ ਹੋਣ ਸਬੰਧੀ ਮਿਤੀ ਅੰਕਿਤ ਕਰਨਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਪੱਤਰ ਮੁਤਾਬਿਕ ਕੋਈ ਵੀ ਮਠਿਆਈ ਪੈਕਿੰਗ ਕਰਨ ਅਤੇ ਖੁੱਲ੍ਹੀਆਂ ਪਈਆਂ ਮਠਿਆਈਆਂ ਉੱਪਰ ਮਿਤੀਆਂ ਅੰਕਿਤ ਕਰਨਾ1 ਜੂਨ 2020 ਤੋਂ ਦੇਸ਼ ’ਚ ਲਾਜ਼ਮੀ ਕਰਾਰ ਕਰ ਦਿੱਤਾ ਗਿਆ ਹੈ।



# ਜਯੋਤੀਰਾਦਿੱਤਿਆ ਸਿੰਧੀਆ ਨੇ ਕਾਂਗਰਸ ਤੋਂ ਦਿੱਤਾ ਅਸਤੀਫ਼ਾ

**ਨਵੀਂ ਦਿੱਲੀ–** ਸਾਬਕਾ ਕੇਂਦਰੀ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਨੇ ਕਾਂਗਰਸ ਤੋਂ ਆਪਣਾ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਟਵੀਟ ਕਰ ਕੇ ਕਾਂਗਰਸ ਦੀ ਰਾਸ਼ਟਰੀ ਪ੍ਰਧਾਨ ਦੇ ਨਾਂ ਇਹ ਅਸਤੀਫ਼ਾ ਸੌਂਪਿਆ ਹੈ। ਉਹ ਕੁਝ ਹੀ ਦੇਰ ਵਿਚ ਭਾਜਪਾ ਵਿਚ ਸ਼ਾਮਲ ਹੋ ਸਕਦੇ ਹਨ। ਇਸ ਤੋਂ ਪਹਿਲਾਂ ਸਾਬਕਾ ਕੇਂਦਰੀ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਲਗਪਗ ਇਕ ਘੰਟੇ ਦੀ ਮੀਟਿੰਗ ਕੀਤੀ। ਇਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਉਥੇ ਮੌਜੂਦ ਸਨ। ਉਹ ਆਪਣੇ ਨਾਲ ਹੀ ਸਿੰਧੀਆ ਨੂੰ ਲੈ ਕੇ ਪੀਐੱਮ ਮੋਦੀ ਨਾਲ ਮੁਲਾਕਾਤ ਕਰਨ ਗਏ ਸਨ। ਇਸ ਤੋਂ ਪਹਿਲਾਂ ਉਹ ਦਿੱਲੀ ਸਥਿਤ ਆਪਣੀ ਰਿਹਾਇਸ਼ ਤੋਂ ਖ਼ੁਦ ਗੱਡੀ ਚਲਾ ਕੇ ਨਿਕਲੇ ਸਨ।

ਇਸ ਦੌਰਾਨ ਮੀਡੀਆ ਨੇ ਉਨ੍ਹਾਂ ਨੂੰ ਸਵਾਲ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ। ਸਿੰਧੀਆ ਦੇ ਦਮ ’ਤੇ ਮੱਧ ਪ੍ਰਦੇਸ਼ ਦੀ ਸੱਤਾ ਪਲਟ ਸਕਦੀ ਹੈ। ਇਹ ਸੂਚਨਾ ਵੀ ਸਾਹਮਣੇ ਆ ਰਹੀ ਹੈ ਕਿ ਸਿੰਧੀਆ ਸਮਰਥਕ 19 ਵਿਧਾਇਕਾਂ ਨੇ ਵਿਧਾਨ ਸਭਾ ਪ੍ਰਧਾਨ ਨੂੰ ਈਮੇਲ ਜ਼ਰੀਏ ਆਪਣਾ ਅਸਤੀਫ਼ਾ ਸੌਂਪਿਆ ਹੈ।

## ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।


ਆਓ ਆਪਾਂ ਸਾਰੇ ਪਰਿਵਾਰਾਂ ਨਾਲ 15 ਮਾਰਚ 2020 ਦਿਨ ਐਤਵਾਰ ਨੂੰ ਗੁਰੂ ਘਰ ਪਹੁੰਚ ਕ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।



**ਰਾਮ ਮੂਰਤੀ ਸਰੋਏ ਅਤੇ ਸਮੂਹ ਪਰਿਵਾਰ**

**Office: (510) 742-8120,**
**Cell; (510) 368-3983**

39039 Paseo Padre Parkway Suite
# 205 Fremont, CA 94538



## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਆਓ ਆਪਾਂ ਸਾਰੇ ਪਰਿਵਾਰਾਂ ਨਾਲ 15 ਮਾਰਚ 2020 ਦਿਨ ਐਤਵਾਰ ਨੂੰ ਗੁਰੂ ਘਰ ਪਹੁੰਚ ਕ ਹਾਜ਼ਰੀਆਂ ਭਰ ਕੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਨੂੰ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੀਏ।


# Amrik Chand
## (CPA)

We are in this business since 1989. Your satisfaction is our goal.

959 Corporate Way, Fremont, CA. 94539

**Phone : 510-490-8200**
**Fax : 510-490-8202**
**Email : achand@pacbell.net**





ਸ੍ਰੀ ਗੁਰੂ ਰਵਿਦਾਸ ਜੀ

## ਤੁਮ ਜੁ ਨਾਇਕ ਆਛਹੁ ਅੰਤਰਜਾਤੀ॥ ਪ੍ਰਭ ਤੇ ਜਨ ਜਾਨੀ ਜੈ ਜਨ ਤੇ ਸੁਆਮੀ

ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।

**ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।**

ਸ੍ਰੀਮਾਨ ਸੁਖਰਾਜ ਚੋਪੜਾ ਜੀ ਨੂੰ ਪੰਜ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਹੈ। ਉਹਨਾਂ ਨੇ 2 ਜੂਨ 1985 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸਤੰਬਰ 1997 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, 10 ਅਪ੍ਰੈਲ 1998 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਨਵੰਬਰ 2004 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, 13 ਫਰਵਰੀ 2005 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਰਿਬਨ ਕੱਟ ਕੇ ਗੁਰੂ ਮਹਾਰਾਜ ਦਾ ਆਸੀਰਵਾਦ ਪ੍ਰਾਪਤ ਕੀਤਾ।

# ਸਮੂਹ ਚੋਪੜਾ ਪਰਿਵਾਰ



# MRS. ROSHNI CHOPRA
# SHRI SUKHRAJ SINGH CHOPRA

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 643ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 20ਵੇ ਮਹਾਨ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਏ ਗਏ




















ਤਸਵੀਰਾਂ ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'





# ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 20ਵੇ ਮਹਾਨ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਏ ਗਏ









ਤਸਵੀਰਾਂ ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'











# ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 643ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 20ਵੇ ਮਹਾਨ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਏ ਗਏ











ਤਸਵੀਰਾਂ ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'













# ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 643ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 20ਵੇ ਮਹਾਨ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਏ ਗਏ



















ਤਸਵੀਰਾਂ ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'















ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥




ਫਾਇਲ ਚਿੱਤਰ

ਸ੍ਰੀ ਜੌਹਨ ਬੰਗਾ ਅਤੇ ਬੰਗਾ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਅਤੇ 20ਵੇਂ ਮਹਾਨ ਨਗਰ ਕੀਰਤਨ ਬਹੁਤ ਹੀ ਸਰਧਾ ਪੂਰਵਕ ਮਨਾਏ ਜਾਣ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ। ਨਵੀਂ ਉਸਾਰੀ ਜਾ ਰਹੀ ਬਿਲਡਿੰਗ ਦੇ ਆਰੰਭੇ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਆਓ ਆਪਾਂ ਸਾਰੇ ਰਲ-ਮਿਲ ਕੇ ਤਨੋਂ, ਮਨੋਂ ਧਨੋਂ ਸਹਿਯੋਗ ਕਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।





# ਜੌਹਨ ਬੰਗਾ, ਸਾਹਿਲ, ਈਸ਼ਾ, ਪ੍ਰੀਤੀ ਬੰਗਾ, (ਸਮੂਹ ਬੰਗਾ ਪਰਿਵਾਰ)

# Rodeway Inn 130 Shannon Dr Nampa, Idaho 83687


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# 'ਹੋਲਾ ਮਹੱਲਾ' ਖਾਲਸਾਈ ਜਾਹੋ ਜਲਾਲ ਦਾ ਪ੍ਰਤੀਕ


ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸ਼ਾਨਾਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ ਵਿਚ ਕੁਰਬਾਨੀ, ਬੀਰ-ਰਸ ਰਵਾਇਤਾਂ, ਸ਼ਸ਼ਤਰਾਂ ਦਾ ਸਤਿਕਾਰ ਦ੍ਰਿੜ੍ਹ ਕਰਵਾਉਂਦਾ ਹੈ 'ਹੋਲਾ ਮਹੱਲਾ' ਜੋ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੈ। ਸੰਸਾਰਕ ਇਤਿਹਾਸਕ ਤਿਉਹਾਰਾਂ ਵਿਚ ਮੌਸਮ ਦੇ ਬਦਲਣ ਨਾਲ ਹੋਲੀ ਬਸੰਤ ਦੇ ਖੇੜੇ ਮਨੁੱਖੀ ਮਨ ਵਿਚ ਅਨੰਦ ਭਰਦੇ ਹਨ। ਮਨੁੱਖੀ ਚੇਤਨਾ ਵਿਚ ਮਹਾਨ ਘੱਲੂਘਾਰਿਆਂ ਦੀ ਵੀਰ-ਭੂਮੀ ਪੰਜਾਬ ਨੇ ਜਿੱਥੇ ਪੁਰਾਣੇ ਪਿੜ ਨੂੰ ਕਾਇਮ ਰੱਖਿਆ ਹੈ, ਉਥੇ ਖਾਲਸਾ ਪੰਥ ਨੇ ਆਪਣੀ ਪਛਾਣ ਨਾਲ ਜੋੜ ਕੇ ਤਿਉਹਾਰ ਖਾਲਸਾਈ ਜਾਹੋ-ਜਲਾਲ ਨਾਲ ਮਨਾਉਂਦਾ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਪਹਿਲੀ ਸੰਮਤ 1757 ਬਿਕਰਮੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਕਿਲਾ ਹੋਲਗੜ੍ਹ ਤੋਂ ਹੋਲੇ ਮਹੱਲੇ ਦਾ ਆਰੰਭ ਕੀਤਾ।

ਹੋਲੇ ਮਹੱਲੇ ਦੇ ਉਦੇਸ਼ ਬੜੇ ਸਾਰਥਕ ਅਤੇ ਉਸਾਰੂ ਹਨ। ਹੋਲਾ ਅਰਬੀ ਭਾਸ਼ਾ ਅਤੇ ਮਹੱਲਾ ਫਾਰਸੀ ਭਾਸ਼ਾ ਦਾ ਸ਼ਬਦ ਹੈ। ਅਰਬੀ ਭਾਸ਼ਾ ਦੇ ਹੂਲ ਦੇ ਅਰਥ ਹੈ ਭਲੇ ਕੰਮ ਲਈ ਜੂਝਣਾ। ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ। ਮਹੱਲਾ ਦਾ ਅਰਥ ਜਿਸ ਥਾਂ 'ਤੇ ਕਬਜ਼ਾ ਕਰ ਲੈਣਾ। ਸਿੱਖ ਗੁਰੂਆਂ ਦਾ ਉਦੇਸ਼ ਅਤੇ ਉਪਦੇਸ਼ ਸੀ ਕਿ ਜ਼ੁਲਮ, ਅੱਨਿਆ ਅਤੇ ਰਾਜਨੀਤਿਕ ਵਧੀਕੀਆਂ ਦੇ ਖਿਲਾਫ ਮਰ ਮਿਟਣ ਲਈ ਤਿਆਰ ਰਹਿਣਾ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵਿਸਾਖੀ ਤੇ ਖਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖ ਪੰਥ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਗੁਰੂ ਜੀ ਨੇ ਦੁਬੈਲਾਂ, ਦੱਬੇ-ਕੁਚਲੇ, ਗਰੀਬ, ਨਿਤਾਣੇ ਜਿਹਨਾਂ ਨੂੰ ਨਿਕੰਮੇ ਤੇ ਨਚ ਸਮਝਿਆ ਜਾਂਦਾ ਸੀ, ਵਿਚ ਸਵੈਮਾਣ ਦਾ ਜਜ਼ਬਾ ਭਰ ਕੇ ਉਹਨਾਂ ਨੂੰ ਸਵੈ-ਰੱਖਿਆ ਲਈ ਜੂਝ ਕੇ ਮਰ ਮਿਟਣ ਵਾਲੇ ਯੋਧੇ ਬਣਾ ਕੇ ਖਾਲਸਾ ਫੌਜੀ ਸਾਜਿਆ। ਉਹਨਾਂ ਵਿਚ ਪੂਰਨ ਮਨੁੱਖੀ ਆਜ਼ਾਦੀ ਦਾ ਜੋਸ਼ ਭਰਿਆ, ਉਹਨਾਂ ਨੂੰ ਸੂਰਬੀਰ ਤੇ ਨਿਡਰ ਯੋਧੇ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੰਪਰਾਗਤ ਰਹੁ-ਰੀਤਾਂ ਅਤੇ ਤਿਉਹਾਰਾਂ ਨੂੰ ਵੀ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਰਨਾ ਦਿੱਤੀ। ਉਹਨਾਂ ਨੇ ਸਿੰਘਾਂ ਨੂੰ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਬਣਾਇਆ। ਉਹਨਾਂ ਨੇ ਸਿੱਖਾਂ ਨੂੰ ਇਕ ਨਵੀਂ ਪਛਾਣ ਦਿੱਤੀ। ਗੁਰੂ ਜੀ ਨੇ ਹੋਲਾ ਮਹੱਲਾ ਦੇ ਇਸ ਤਿਉਹਾਰ ਨੂੰ ਸੂਰਮਤਾਈ ਨਾਲ ਜੋੜ ਦਿੱਤਾ। ਉਹਨਾਂ ਚਾਹਿਆ ਕਿ ਸਮਾਜ ਵਿਚ ਨਰੋਆ ਪ੍ਰੀਵਰਤਨ ਲਿਆਂਦਾ ਜਾਵੇ ਕਿ ਸਮਾਜ ਨੂੰ ਸਾਰਥਕ



ਅਤੇ ਉਸਾਰੂ ਸੇਧ ਮਿਲ ਸਕੇ। ਗੁਰੂ ਜੀ ਨੇ ਮੀਰੀ-ਪੀਰੀ ਨੂੰ ਕਾਇਮ ਰੱਖਣ ਲਈ ਸ਼ਸਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਕਰਨ 'ਤੇ ਜ਼ੋਰ ਦਿੱਤਾ। ਜ਼ੁਲਮ ਉਤੇ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ੍ਹ ਕਰਵਾਉਣਾ ਸੀ। ਮਹੱਲਾ ਇਕ ਫਰਜ਼ੀ ਅਭਿਆਸ ਦਾ ਜੰਗ ਹੈ। ਇਸ ਵਿਚ ਪੈਦਲ ਅਤੇ ਘੋੜ ਸਵਾਰ ਸ਼ਸ਼ਤਰਧਾਰੀ ਸਿੰਘਾਂ ਦੇ ਦੋ ਦਲ ਬਣ ਕੇ ਹਮਲਾ ਕਰਦੇ ਹਨ। ਅਨੇਕ ਤਰ੍ਹਾਂ ਦੇ ਜੰਗੀ ਕਰਤੱਬ ਦਿਖਾਉਂਦੇ, ਤੇਗ ਦੇ ਕਮਾਲ ਦਿਖਾਏ ਜਾਦੇ। ਮਹੱਲਾ ਤਲਵਾਰਾਂ, ਬਰਛਿਆਂ ਅਤੇ ਨੇਜ਼ਿਆਂ ਨਾਲ ਖੇਡਿਆ ਜਾਂਦਾ। ਗੁਰੂ ਜੀ ਇਸ ਫਰਜ਼ੀ ਢੰਗ ਅਭਿਆਸ ਦੀ ਸਿੱਖਿਆ ਦਿੰਦੇ ਅਤੇ ਵੇਖ ਕੇ ਉਤਸ਼ਾਹਿਤ ਕਸਦੇ। ਜੇਤੂ ਦਲ ਨੂੰ ਸਿਰੋਪਾਓ ਦੀ ਬਖਸ਼ਿਸ਼ ਹੁੰਦੀ। ਇਸ ਮੌਕੇ ਦੀਵਾਨ ਸੱਜਦੇ, ਕੀਰਤਨ, ਕਥਾ, ਵਿਚਾਰਾਂ ਹੁੰਦੀਆਂ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ, ਕਵੀ ਦਰਬਾਰ ਸਜਾਏ ਜਾਂਦੇ ਅਤੇ ਅਨੇਕ ਤਰ੍ਹਾਂ ਦੇ ਫੌਜੀ ਅਭਿਆਸ ਚਲਦੇ। ਹਰ ਪਾਸੇ ਚੜ੍ਹਦੀ ਕਲਾ ਦਾ ਮਹੌਲ ਬਣਿਆ ਰਹਿੰਦਾ ਜੋ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੁੰਦਾ।

ਹੋਲਾ-ਮਹੱਲਾ ਦੀਆਂ ਵਿਸ਼ੇਸ਼ਤਾਈਆਂ ਨੇ ਭਾਰਤੀ ਲੋਕਾਂ ਦੇ ਮਨਾਂ 'ਤੇ ਬੜਾ ਪ੍ਰਭਾਵ ਪਾਇਆ। ਉਹ ਹੋਲਾ ਮਹੱਲਾ ਦੇ ਉਤਸਵ ਤੇ ਹੁੰਮ-ਹੁੰਮਾ ਕੇ ਸ਼ਾਮਲ ਹੋਣ ਲੱਗੇ। ਅਤਰ ਫਲੇਲ ਦੀਆਂ ਸੁਗੰਧੀਆਂ ਰੰਗਾਂ ਦੀ ਫੁਹਾਰ ਤੇ ਬੇਅੰਤ ਇਕੱਠ ਨੇ ਇਸ ਉਤਸਵ ਦੀ ਸ਼ੋਭਾ ਨੂੰ ਵਧਾਇਆ। ਵਰਤਮਾਨ ਸਮੇਂ ਵੀ ਹੋਲਾ ਕੱਢਿਆ ਜਾਂਦਾ ਹੈ। ਨਿਹੰਗ ਸਿੰਘ ਆਪਣੇ ਫੌਜੀ ਬਾਣੇ ਵਿਚ ਨਿਕਲਦੇ ਹਨ। ਤਖਤ ਸ੍ਰੀ ਕੇਸਗੜ੍ਹ ਨਗਾਰਿਆਂ ਦੀ ਗੂੰਜ ਨਾਲ ਨਿਸ਼ਾਨ ਸਾਹਿਬ ਚੜ੍ਹਾਏ ਜਾਂਦੇ ਹਨ। ਇਸ ਮਹਾਨ ਉਤਸਵ ਵਿਚ ਦੂਰ-ਦਰਾਜ ਤੋਂ ਸੰਗਤਾਂ ਹਮੇਸ਼ਾ ਦੀ ਤਰ੍ਹਾਂ ਵੱਡੀ ਗਿਣਤੀ ਵਿਚ ਪੁੱਜਦੀਆਂ ਹਨ।

ਕੀਰਤਪੁ੍ਰ, ਹਜ਼ੂਰ ਸਾਹਿਬ, ਨਾਂਦੇੜ ਵਿਚ ਵੀ ਮਹੱਲਾ ਨਿਕਲਦਾ ਹੈ। ਅੱਗੇ-ਅੱਗੇ ਸ਼ਿੰਗਾਰਿਆ ਨੀਲਾ ਘੋੜਾ ਤੁਰਦਾ ਹੈ। ਪਿੱਛੇ ਪਿੱਛੇ ਸੰਗਤਾਂ, ਫਿਰ ਹਵਾ ਵਿਚ ਗੋਲੀ ਦਾਗੀ ਜਾਂਦੀ ਹੈ। ਜਿਵੇਂ ਦੁਸ਼ਮਣ ਤੇ ਹਮਲਾ ਵਾਲਾ ਪ੍ਰਭਾਵ ਵਧਾਇਆ ਜਾਂਦਾ ਹੈ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ, ਪਿੱਛੇ ਸੰਗਤਾਂ ਦੌੜਦੀਆਂ ਹਨ। ਇਸ ਤਰ੍ਹਾਂ ਮਹੱਲਾ ਨਿਕਲਦਾ ਹੈ ਤੇ ਦੇਖਦੇ-ਦੇਖਦੇ ਹੀ ਮਹੱਲਾ ਭਰ ਜਾਂਦਾ ਹੈ। ਗੁਰਦੁਆਰਾ ਪਾਉਂਟਾ ਸਾਹਿਬ ਦੇ ਬਾਹਰ ਉਤਸਵ ਹੁੰਦਾ ਹੈ। ਗੁਰਦੁਆਰਾ ਦੀ ਇਤਿਹਾਸਕ ਮਹੱਤਤਾ ਹੋਣ ਕਰਕੇ ਭਾਰੀ ਗਿਣਤੀ ਵਿਚ ਸੰਗਤਾਂ ਪੁੱਜਦੀਆਂ ਹਨ। ਇਹ ਨਜ਼ਾਰਾ ਵੇਖਣ ਯੋਗ ਹੁੰਦਾ ਹੈ।

**ਅੰਤਿਕਾ**

ਹੋਲਾ ਮਹੱਲਾ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ, ਬੀਰ ਰਸੀ ਰਵਾਇਤਾਂ, ਸ਼ਸ਼ਤਰਾਂ ਦਾ ਸਤਿਕਾਰ ਨੂੰ ਦ੍ਰਿੜ੍ਹ ਕਰਵਾਉਂਦਾ ਹੈ। ਹੋਲਾ-ਮਹੱਲਾ ਸ਼ਕਤੀ ਅਤੇ ਅਣਖ ਖਾਲਸਾ ਪੰਥ ਦਾ ਸਵੈਮਾਣ ਅਤੇ ਚੜ੍ਹਦੀਕਲਾ ਦਾ ਪ੍ਰਤੀਕ ਹੈ। ਜੋ ਜ਼ੁਲਮ ਵਿਰੁੱਧ ਜੂਝਣ ਦਾ ਜੋਸ਼ ਭਰਦਾ ਹੈ। ਖਾਲਸਾ ਪੰਥ ਨੂੰ ਜਾਗਰੂਕ ਕਰਨ ਦਾ ਪ੍ਰੇਰਨਾ ਸਰੋਤ ਤਿਉਹਾਰ ਹੈ।

# ਭ੍ਰਿਸ਼ਟ ਅਫਸਰਸ਼ਾਹੀ ਨੇ ਪਟੇਲ ਦਾ ਨਹੀ ਭਾਰਤੀਆਂ ਦਾ ਵੀ ਵਿਸ਼ਵਾਸ ਤੋੜਿਆ!


ਐਨ ਕੇ ਸਿੰਘ

ਸੰਵਿਧਾਨ ਸਭਾ 'ਚ ਧਾਰਾ 311 'ਤੇ ਚਰਚਾ ਦੌਰਾਨ ਕੁਝ ਮੈਂਬਰਾਂ ਨੇ ਇਹ ਇਤਰਾਜ਼ ਕੀਤਾ ਕਿ ਅਫਸਰਸ਼ਾਹੀ ਨੂੰ ਸੰਵਿਧਾਨਕ ਸੁਰੱਖਿਆ ਦਾ ਕਵਚ ਨਹੀਂ ਦਿੱਤਾ ਜਾਣਾ ਚਾਹੀਦਾ। ਇਸ ਉੱਤੇ ਇਸ ਧਾਰਾ ਦੀ ਹਮਾਇਤ ਵਿੱਚ ਬੋਲਦੇ ਹੋਏ ਸਰਦਾਰ ਪਟੇਲ ਨੇ ਕਿਹਾ ਸੀ ਕਿ 'ਇਹ ਕਵਚ ਇਸ ਲਈ ਦਿੱਤਾ ਜਾ ਰਿਹਾ ਹੈ ਕਿ ਅਫਸਰ ਮੰਤਰੀ ਦੇ ਸਾਹਮਣੇ ਤਣ ਕੇ ਆਪਣੀ ਗੱਲ ਕਰ ਸਕਣ।' ਅੱਜ ਉਹੀ ਅਫਸਰ ਸਿਆਸੀ ਆਕਾਵਾਂ ਦੇ ਤਲੇ ਚੱਟਣ 'ਚ ਇੰਨਾ ਰੁੱਝੇ ਹੋਏ ਹਨ ਕਿ ਉਨ੍ਹਾਂ ਨੂੰ ਉਹ ਸਹੁੰ ਵੀ ਯਾਦ ਨਹੀਂ, ਜੋ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਚੁੱਕੀ ਸੀ। ਪਿਛਲੀਆਂ ਸਰਕਾਰਾਂ ਵਿੱਚ ਰਮਜ਼ਾਨ 'ਤੇ ਰੋਜ਼ਾ-ਇਫਤਾਰ ਦੇਣ ਤੋਂ ਲੈ ਕੇ ਅੱਜਕੱਲ੍ਹ 'ਕਾਂਵੜੀਆਂ ਉੱਤੇ ਹੈਲੀਕਪਾਟਰ ਰਾਹੀਂ ਫੁੱਲ ਵਰਸਾਉਣ ਤੱਕ' ਰੀੜ੍ਹ ਦੀ ਹੱਡੀ ਤੋਂ ਸੱਖਣੀ ਅਤੇ ਭ੍ਰਿਸ਼ਟ ਅਫਸਰਸ਼ਾਹੀ ਨੇ ਪਟੇਲ ਦਾ ਹੀ ਨਹੀਂ, ਭਾਰਤ ਵਾਸੀਆਂ ਦਾ ਵੀ ਵਿਸ਼ਵਾਸ ਤੋੜਿਆ ਹੈ।

**ਭਾਰਤ ਦੀ ਜਨਤਾ ਨੇ ਇੱਕ ਵਾਰ ਨਹੀਂ, ਦੋ ਵਾਰ ਸੰਨ 2014 ਅਤੇ 2019 ਦੀਆਂ ਆਮ ਚੋਣਾਂ 'ਚ ਆਪਣਾ ਪੂਰਾ ਪ੍ਰੇਮ ਅਤੇ ਵਿਸ਼ਵਾਸ ਬੈਲੇਟ ਬਾਕਸ ਵਿੱਚ ਪਾ ਕੇ ਮੌਜੂਦਾ ਸੱਤਾ ਧਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਵਿਰੋਧ ਰਹਿਤ ਬਣਾ ਦਿੱਤਾ ਅਤੇ ਸਮੁੱਚੇ ਵਿਕਾਸ ਲਈ ਹੋਰ ਕੀ ਚਾਹੀਦਾ ਹੈ? ਨਾ ਤਾਂ ਵਿਰੋਧੀ ਧਿਰ, ਖਾਸ ਕਰ ਕੇ ਮੌਜੂਦਾ ਕਾਂਗਰਸ 'ਚ ਟਕਰਾਉਣ ਦੀ ਸਮਰੱਥਾ ਜਾਂ ਸਿਆਸੀ ਜੀਵਨ ਇੱਛਾ ਹੈ, ਨਾ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਜ਼ਮਾਨੇ ਵਾਲਾ '24 ਪਾਰਟੀਆਂ ਦੇ ਗਠਜੋੜ' ਦਾ ਦਬਾਅ? ਫਿਰ ਪੂਰੇ ਦੇਸ਼ ਵਿੱਚ ਫਿਰਕਾਪ੍ਰਸਤੀ ਦੇ ਡਰ ਦਾ ਵਾਤਾਵਰਣ ਕੌਣ, ਕਿਉਂ ਅਤੇ ਕਿਵੇਂ ਬਣਾ ਰਿਹਾ ਹੈ। ਆਰਥਿਕ ਸੰਕਟ, ਬੇਰੋਜ਼ਗਾਰੀ, ਭੁੱਖਮਰੀ ਅਤੇ ਭ੍ਰਿਸ਼ਟਾਚਾਰ ਦੇ ਸੂਚਕ ਅੰਕ 'ਤੇ ਅਸੀਂ ਦੁਨੀਆ ਵਿੱਚ ਹੋਰ ਪਿੱਛੇ ਜਾ ਰਹੇ ਹਾਂ। ਫਿਰ ਤਰਜੀਹਾਂ ਇਸ ਕਿਸਮ ਦੇ 'ਨਿਰਉਤਸ਼ਾਹ' ਪੈਦਾ ਕਰਨ ਦੀਆਂ ਕਿਉਂ? ਇਹ ਠੀਕ ਹੈ ਕਿ ਜਿਸ ਨੇ 'ਇਹ ਲੈ ਆਪਣੀ ਆਜ਼ਾਦੀ' ਕਹਿ ਕੇ ਗੋਲੀ ਚਲਾ ਕੇ ਅੰਦੋਲਨ ਕਰਦੇ ਇੱਕ ਨੌਜਵਾਨ ਨੂੰ ਜ਼ਖਮੀ ਕੀਤਾ, ਉਹ ਜਨੂੰਨ ਦੀ ਸਨਕ 'ਚ ਰੋਜ਼ਗਾਰ ਨਹੀਂ ਮੰਗੇਗਾ ਅਤੇ ਉਸੇ ਤਰ੍ਹਾਂ ਕਰੋੜਾਂ ਨੌਜਵਾਨ ਸ਼ਾਇਦ ਇਸੇ ਉਤਸ਼ਾਹ ਦੇ ਨਸ਼ੇ ਵਿੱਚ ਬੇਰੋਜ਼ਗਾਰੀ ਨੂੰ ਭੁੱਲ ਜਾਣ।**



ਜਦੋਂ ਇੱਕ ਪਾਸੇ ਦੇਸ਼ ਵਿੱਚ ਨੌਕਰਸ਼ਾਹੀ ਦੇ ਸਿਆਸੀਕਰਨ ਦਾ ਨੰਗਾ ਨਾਚ ਚੱਲ ਰਿਹਾ ਹੈ, ਦੂਜੇ ਪਾਸੇ ਰਾਜਨੀਤੀ ਦੇ ਵਧਦੇ ਅਪਰਾਧੀਕਰਨ ਦੇ ਸੰਕਟ ਉੱਤੇ ਇਸ ਦੇਸ਼ ਦੇ ਪ੍ਰਜਾਤੰਤਰ ਦੇ ਸਭ ਤੋਂ ਵੱਡੇ ਮੰਦਿਰ ਪਾਰਲੀਮੈਂਟ ਨੇ ਪਿਛਲੇ ਸੱਤ ਦਹਾਕਿਆਂ ਵਿੱਚ ਵੀ ਨੋਟਿਸ ਨਹੀਂ ਲਿਆ ਤਾਂ ਸੁਪਰੀਮ ਕੋਰਟ ਨੂੰ ਇਹ ਮਨਜ਼ੂਰ ਨਹੀਂ ਹੋਇਆ। ਭਾਜਪਾ ਦੇ ਨਵੇਂ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਇਸ ਸਥਿਤੀ ਤੋਂ ਉਭਰਨ ਦੀ ਕੁਝ ਹਲਕੀ ਕੋਸ਼ਿਸ਼ ਕਰ ਰਹੇ ਹਨ, ਪਰ ਕੀ ਹੋਰ ਨੇਤਾਵਾਂ ਦੀ ਰਾਏ ਦੇ ਅੱਗੇ ਉਹ ਖੜੇ ਹੋ ਸਕਣਗੇ। ਪਿਛਲੇ ਹਫਤੇ ਨੱਢਾ ਨੇ ਬਿਹਾਰ ਤੋਂ ਆਉਂਦੇ ਇੱਕ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਸਖਤ ਫਿਟਕਾਰ ਲਾਈ ਤੇ ਉਨ੍ਹਾਂ ਨੂੰ ਫਿਰਕੂ ਕੁੜੱਤਣ ਪੈਦਾ ਕਰਨ ਵਾਲੇ ਬਿਆਨਾਂ ਤੋਂ ਬਚਣ ਲਈ ਕਿਹਾ ਸੀ। ਮੰਤਰੀ ਹਰ ਪੰਦਰਵਾੜੇ ਇਸ ਦੇਸ਼ ਦੇ ਘੱਟ ਗਿਣਤੀਆਂ ਨੂੰ ਪਾਕਿਸਤਾਨ ਭੇਜਣ ਦੀ ਸਲਾਹ ਦਿੰਦਾ ਰਿਹਾ ਹੈ। ਪਾਰਟੀ ਪ੍ਰਧਾਨ ਤੋਂ ਬਿਨਾ ਸਾਬਕਾ ਪ੍ਰਧਾਨ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਮੰਨਿਆ ਹੈ ਕਿ ਫਿਰਕੂ ਬਿਆਨਾਂ ਨਾਲ ਪਾਰਟੀ ਨੂੰ ਦਿੱਲੀ ਚੋਣਾਂ ਵਿੱਚ ਨੁਕਸਾਨ ਹੋਇਆ, ਪਰ ਤਾਜ਼ਾ ਜਾਣਕਾਰੀ ਅਨੁਸਾਰ ਅਗਲੀਆਂ ਬਿਹਾਰ ਚੋਣਾਂ ਵਿੱਚ ਇਸ ਤੋਂ ਸਿਖਿਆ ਲੈਣ ਦੀ ਥਾਂ ਪਾਰਟੀ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਨੂੰ ਹੀ ਮੁੱਖ ਮੁੱਦਾ ਬਣਾਉਣ ਵਾਲੀ ਹੈ।

ਭਾਰਤ ਦੀ ਜਨਤਾ ਨੇ ਇੱਕ ਵਾਰ ਨਹੀਂ, ਦੋ ਵਾਰ ਸੰਨ 2014 ਅਤੇ 2019 ਦੀਆਂ ਆਮ ਚੋਣਾਂ 'ਚ ਆਪਣਾ ਪੂਰਾ ਪ੍ਰੇਮ ਅਤੇ ਵਿਸ਼ਵਾਸ ਬੈਲੇਟ ਬਾਕਸ ਵਿੱਚ ਪਾ ਕੇ ਮੌਜੂਦਾ ਸੱਤਾ ਧਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਵਿਰੋਧ ਰਹਿਤ ਬਣਾ ਦਿੱਤਾ ਅਤੇ ਸਮੁੱਚੇ ਵਿਕਾਸ ਲਈ ਹੋਰ ਕੀ ਚਾਹੀਦਾ ਹੈ? ਨਾ ਤਾਂ ਵਿਰੋਧੀ ਧਿਰ, ਖਾਸ ਕਰ ਕੇ ਮੌਜੂਦਾ ਕਾਂਗਰਸ 'ਚ ਟਕਰਾਉਣ ਦੀ ਸਮਰੱਥਾ ਜਾਂ ਸਿਆਸੀ ਜੀਵਨ ਇੱਛਾ ਹੈ, ਨਾ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਜ਼ਮਾਨੇ ਵਾਲਾ '24 ਪਾਰਟੀਆਂ ਦੇ ਗਠਜੋੜ' ਦਾ ਦਬਾਅ? ਫਿਰ ਪੂਰੇ ਦੇਸ਼ ਵਿੱਚ ਫਿਰਕਾਪ੍ਰਸਤੀ ਦੇ ਡਰ ਦਾ ਵਾਤਾਵਰਣ ਕੌਣ, ਕਿਉਂ ਅਤੇ ਕਿਵੇਂ ਬਣਾ ਰਿਹਾ ਹੈ। ਆਰਥਿਕ ਸੰਕਟ, ਬੇਰੋਜ਼ਗਾਰੀ, ਭੁੱਖਮਰੀ ਅਤੇ ਭ੍ਰਿਸ਼ਟਾਚਾਰ ਦੇ ਸੂਚਕ ਅੰਕ 'ਤੇ ਅਸੀਂ ਦੁਨੀਆ ਵਿੱਚ ਹੋਰ ਪਿੱਛੇ ਜਾ ਰਹੇ ਹਾਂ। ਫਿਰ ਤਰਜੀਹਾਂ ਇਸ ਕਿਸਮ ਦੇ 'ਨਿਰਉਤਸ਼ਾਹ' ਪੈਦਾ ਕਰਨ ਦੀਆਂ ਕਿਉਂ? ਇਹ ਠੀਕ ਹੈ ਕਿ ਜਿਸ ਨੇ 'ਇਹ ਲੈ ਆਪਣੀ ਆਜ਼ਾਦੀ' ਕਹਿ ਕੇ ਗੋਲੀ ਚਲਾ ਕੇ ਅੰਦੋਲਨ ਕਰਦੇ ਇੱਕ ਨੌਜਵਾਨ ਨੂੰ ਜ਼ਖਮੀ ਕੀਤਾ, ਉਹ ਜਨੂੰਨ ਦੀ ਸਨਕ 'ਚ ਰੋਜ਼ਗਾਰ ਨਹੀਂ ਮੰਗੇਗਾ ਅਤੇ ਉਸੇ ਤਰ੍ਹਾਂ ਕਰੋੜਾਂ ਨੌਜਵਾਨ ਸ਼ਾਇਦ ਇਸੇ ਉਤਸ਼ਾਹ ਦੇ ਨਸ਼ੇ ਵਿੱਚ ਬੇਰੋਜ਼ਗਾਰੀ ਨੂੰ ਭੁੱਲ ਜਾਣ, ਪਰ ਕੀ ਇਸ ਨਾਲ ਦੇਸ਼ ਵਿੱਚ ਵਿਕਾਸ ਦਾ ਮਾਹੌਲ ਅਗਲੇ ਕਈ ਦਹਾਕਿਆਂ ਵਿੱਚ ਵੀ ਤਿਆਰ ਹੋ ਸਕੇਗਾ? ਫਿਰ ਕੀ ਪ੍ਰਤੀਕਿਰਿਆ 'ਚ ਇਹੋ ਜਿਹਾ ਹੀ ਨਿਰਉਤਸ਼ਾਹ ਦੂਜੇ ਪੱਖ ਵਿੱਚ ਨਹੀਂ ਪੈਦਾ ਹੋਵੇਗਾ? (ਸਰਕਾਰ ਨੇ ਉਨ੍ਹਾਂ ਨੂੰ ਮਾਹਿਰ ਦੇ ਤੌਰ 'ਤੇ ਸਿੱਧੇ ਉਚ ਅਹੁਦਿਆਂ 'ਤੇ ਲਾਉਣ ਦੀ ਨੀਤੀ ਬਣਾਈ) ਜੁਆਇੰਟ ਸੈਕਟਰੀ ਅਤੇ ਉਪਰਲੇ ਅਹੁਦਿਆਂ 'ਤੇ ਲਿਆ ਰਹੀ ਹੈ, ਜਦ ਕਿ ਕੇਂਦਰ ਦੇ ਹਰ ਅਹੁਦੇ ਲਈ 18 ਸਮਰੱਥ ਅਧਿਕਾਰੀ ਸੂਬਿਆਂ ਤੋਂ ਆਉਣ ਲਈ ਤਿਆਰ ਹਨ। ਮੰਨਿਆ ਜਾ ਰਿਹਾ ਹੈ ਕਿ ਬਾਹਰੋਂ ਉਹੀ ਲੋਕ ਲਿਆਂਦੇ ਜਾ ਰਹੇ ਹਨ, ਜੋ ਪਾਰਟੀ ਅਤੇ ਸੰਘ ਦੀਆਂ ਨੀਤੀਆਂ ਪ੍ਰਤੀ ਆਸਥਾ ਰੱਖਦੇ ਹਨ। ਇੱਕ ਹੋਰ ਤਾਜ਼ਾ ਘਟਨਾ ਵਿੱਚ ਉੱਤਰ ਪ੍ਰਦੇਸ਼ 'ਚ ਮੁੱਖ ਮੰਤਰੀ ਦੀ ਬੈਠਕ ਵਿੱਚ ਇੱਕ ਸੀਨੀਅਰ ਆਈ ਏ ਐਸ ਅਧਿਕਾਰੀ ਨੇ ਭਰੀ ਮੀਟਿੰਗ ਵਿੱਚ ਨਾਗਰਿਕ ਸੁਰੱਖਿਆ ਦੇ ਸੈਕਸ਼ਨ ਵਧਾਉਣ ਦੇ ਪ੍ਰਸਤਾਵ ਨੂੰ ਰੱਦ ਕਰਨ ਦੀ ਵਕਾਲਤ ਕੀਤੀ, ਕਿਉਂਕਿ ਉਸ ਦੇ ਅਨੁਸਾਰ ਇਸ ਦਾ ਲਾਭ ਉਸ ਵਰਗ ਨੂੰ ਮਿਲੇਗਾ, ਜਿਸ ਦੀ ਲੀਡਰਸ਼ਿਪ ਵੱਡੀ ਹੈ। ਮੀਟਿੰਗ ਵਿੱਚ ਬੈਠੇ ਇੱਕ ਹੋਰ ਪੁਲਸ ਅਧਿਕਾਰੀ, ਜੋ ਇਸ ਵਿਭਾਗ ਦਾ ਇੰਚਾਰਜ ਸੀ, ਨੇ ਉਸ ਵੱਡੇ ਅਧਿਕਾਰੀ ਦੇ ਗੈਰ ਕਾਨੂੰਨੀ ਅਣ-ਉਚਿਤ ਤਰਕ ਦੇ ਵਿਰੁੱਧ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਤੇ ਮੀਡੀਆ ਨੂੰ ਦੱਸਿਆ।

ਦੇਸ਼ ਦੀ ਰਾਜਧਾਨੀ ਦਿੱਲੀ ਦੇ ਚਰਚਿਤ ਸ਼ਾਹੀਨ ਬਾਗ ਵਿੱਚ ਭੀੜ ਉੱਤੇ ਗੋਲੀ ਚਲਾ ਕੇ ਇੱਕ ਵਿਦਿਆਰਥੀ ਨੂੰ ਜ਼ਖਮੀ ਕਰਨ ਵਾਲੇ ਨੌਜਵਾਨ ਨੂੰ ਪੁਲਸ ਪਹਿਲਾਂ ਮੂਕ ਦਰਸ਼ਕ ਬਣੀ ਦੇਖਦੀ ਰਹੀ, ਫਿਰ ਬੜੇ ਸਹਿਜ ਭਾਵ 'ਚ ਉਸ ਤੋਂ ਪਿਸਤੌਲ ਲੈ ਕੇ ਗ੍ਰਿਫਤਾਰ ਕਰ ਲਿਆ। ਵੀਡੀਓ ਦੇਖ ਕੇ ਲੱਗਾ ਕਿ ਪੁਲਸ ਵਾਲੇ ਕਿਸੇ ਦੋਸਤ ਨੂੰ 'ਗੁੱਸਾ' ਥੁੱਕ' ਦੇਣ ਦੀ ਸਲਾਹ ਦੇ ਰਹੇ ਹਨ। ਅਗਲੇ ਕੁਝ ਘੰਟਿਆਂ ਵਿੱਚ ਡੀ ਸੀ ਪੀ ਨੇ ਐਲਾਨ ਕੀਤਾ ਕਿ ਉਹ ਨੌਜਵਾਨ ਆਮ ਆਦਮੀ ਪਾਰਟੀ ਦਾ ਸੀ। ਆਈ ਪੀ ਸੀ ਜਾਂ ਸੀ ਆਰ ਪੀ ਸੀ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਕਿ ਗੋਲੀ ਚਲਾਉਣ ਵਾਲੇ ਦਾ ਸਿਆਸੀ ਰੁਝਾਨ ਐਲਾਨਿਆ ਜਾਵੇ, ਇਹ ਵੱਖਰੀ ਗੱਲ ਹੈ ਕਿ ਅਧਿਕਾਰੀ ਦਾ ਇਹ ਐਲਾਨ ਬਿਲਕੁਲ ਗਲਤ ਨਿਕਲਿਆ। ਇਸੇ ਦੌਰਾਨ ਚੋਣ ਮੰਚ ਤੋਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਇੱਕ ਵਰਗ ਵਿਸ਼ੇਸ਼ ਦੇ ਵੋਟਰਾਂ ਨੂੰ ਰਿਝਾਉਣ ਲਈ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਅਫਸਰਾਂ ਨੂੰ ਹੁਕਮ ਦਿੱਤਾ ਕਿ 'ਸ਼ਿਵ ਭਗਤ ਕਾਂਵੜੀਆਂ ਉਤੇ ਫੁੱਲ ਵਰ੍ਹਾਉਣ'। ਗਾਜ਼ੀਆਬਾਦ ਦੇ ਜ਼ਿਲਾ ਮੈਜਿਸਟਰੇਟ ਅਤੇ ਐੱਸ ਪੀ ਨੇ ਫੁੱਲ ਤਾਂ ਵਰ੍ਹਾਏ ਹੀ, ਇੱਕ ਜ਼ਿਲੇ ਦੇ ਉਤਸ਼ਾਹੀ ਐੱਸ ਪੀ ਨੇ ਦੌੜ 'ਚ ਪਿੱਛੇ ਨਾ ਰਹਿ ਜਾਣ ਲਈ ਕਾਂਵੜੀਆਂ ਦੇ ਪੈਰ ਧੋਤੇ ਅਤੇ ਇਸ ਦੀ ਵੀਡੀਓ ਬਣਾ ਕੇ ਮੀਡੀਆ 'ਚ ਅਤੇ ਮੁੱਖ ਮੰਤਰੀ ਦਫਤਰ ਤੱਕ ਪਹੁੰਚਾਈ ਗਈ। ਤਾਜ਼ਾ ਦਿੱਲੀ ਚੋਣਾਂ ਵਿੱਚ ਇੱਕ ਮੰਤਰੀ ਨਾਅਰਾ ਲਾਉਂਦਾ ਹੈ 'ਦੇਸ਼ ਕੇ ਗੱਦਾਰੋਂ ਕੋ' ਅਤੇ ਸਰੋਤਿਆਂ ਨੂੰ ਅਗਲੀ ਲਾਈਨ 'ਗੋਲੀ ਮਾਰੋ ਸਾਲੋਂ ਕੋ' ਪੂਰੀ ਕਰਨ ਲਈ ਉਕਸਾਉਂਦਾ ਹੈ ਤਾਂ ਉਸ ਤੇ ਸਰਕਾਰ ਅਤੇ ਪੁਲਸ ਕਾਰਵਾਈ ਨਹੀਂ ਕਰਦੀ, ਪਰ ਇੱਕ ਡਾਕਟਰ ਅਲੀਗੜ੍ਹ ਵਿੱਚ ਇੱਕ ਜਲਸੇ ਵਿੱਚ ਸਿਰਫ ਇਹ ਕਹਿੰਦਾ ਹੈ ਕਿ 'ਸੀ ਏ ਏ' ਮੁਸਲਮਾਨਾਂ ਨੂੰ ਦੂਸਰੇ ਦਰਜੇ ਦਾ ਨਾਗਰਿਕ ਬਣਾ ਦੇਵੇਗੀ ਅਤੇ 'ਮੋਟਾ ਭਾਈ ਹਿੰਦੂ, ਮੁਸਲਮਾਨਾਂ ਵਿੱਚ ਵੰਡ ਪਾਉਂਦਾ ਹੈ' ਤਾਂ ਉਸ ਨੂੰ ਪਹਿਲਾ ਦੇਸ਼ ਧ੍ਰੋਹ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਜਾਂਦਾ ਹੈ ਅਤੇ ਫਿਰ ਜਦੋਂ ਅਦਾਲਤ ਉਸ ਨੂੰ ਜ਼ਮਾਨਤ ਦਿੰਦੀ ਹੈ ਤਾਂ ਅਲੀਗੜ੍ਹ ਦੇ ਡੀ ਐੱਮ ਅਤੇ ਐੱਸ ਪੀ ਉਸ 'ਤੇ ਨੈਸ਼ਨਲ ਸਕਿਓਰਟੀ ਐਕਟ ਦੀ ਦਾਰਾ ਲਾ ਦਿੰਦੇ ਹਨ ਤਾਂ ਕਿ ਉਹ ਜੇਲ੍ਹ ਵਿੱਚੋਂ ਬਾਹਰ ਨਾ ਨਿਕਲ ਸਕੇ। ਦਿੱਲੀ ਵਿੱਚ ਜਿਹੜਾ ਡੀ ਸੀ ਪੀ ਅੰਦੋਲਨਕਾਰੀ ਧਿਰ ਉੱਤੇ ਗੋਲੀ ਚਲਾਉਣ ਵਾਲੇ ਨੂੰ ਕੁਝ ਘੰਟਿਆਂ 'ਚ ਆਮ ਆਦਮੀ ਪਾਰਟੀ ਦਾ ਐਲਾਨ ਕਰਦਾ ਹੈ, ਉਸ ਨੂੰ 'ਮੰਤਰੀ ਦੇ ਗੋਲੀ ਮਾਰਨ' ਦੇ ਨਾਅਰੇ 'ਚ ਕੋਈ ਹਿੰਸਾ ਭੜਕਾਉਣਾ ਨਹੀਂ ਦਿਸਦਾ। ਪ੍ਰਜਾਤੰਤਰ ਦੀ ਸਫਲਤਾ ਦਾ ਆਧਾਰ ਸਰਕਾਰ ਦੀ ਨਿਰਪੱਖਤਾ 'ਤੇ ਟਿਕਿਆ ਹੁੰਦਾ ਹੈ। ਸੰਭਵ ਹੈ ਕਿ ਸੱਤਾ ਵਿੱਚ ਬਣੇ ਰਹਿਣ ਲਈ ਅਫਸਰਾਂ ਦਾ ਸਿਆਸੀਕਰਨ ਅਤੇ ਰਾਜਨੀਤੀ ਦਾ ਅਪਰਾਧੀਕਰਨ ਤੇ ਦੋਵਾਂ ਦੇ ਨਾਲ ਫਿਰਕੂ ਧਰੁਵੀਕਰਨ ਜ਼ਰੂਰੀ ਹੋਵੇ, ਪਰ ਇਸ ਨਾਲ ਮਨੁੱਖੀ ਵਿਕਾਸ ਸੂਚ ਕਅੰਕ ਬਿਹਤਰ ਹੋਣ ਦੀ ਬਜਾਏ ਬਦਤਰ ਹੁੰਦਾ ਜਾਵੇਗਾ।

## 15 ਮਾਰਚ ਲਈ ਵਿਸ਼ੇਸ਼

# ਸਾਹਿਬ ਕਾਂਸ਼ੀ ਰਾਮ ਨੇ ਦੱਬੇ ਕੁਚਲੇ ਵਰਗਾਂ ਨੂੰ ਸੰਗਠਿਤ ਕਰਕੇ ਅਪਣੇ ਹੱਕਾਂ ਲਈ ਲੜਣ ਅਤੇ ਰਾਜਨੀਤੀ ਲਈ ਤਿਆਰ ਕੀਤਾ



ਕੁਲਦੀਪ ਚੰਦ
91-9417563054

ਇਹ ਇੱਕ ਕੌੜ੍ਹਾ ਸੱਚ ਹੈ ਕਿ ਭਾਰਤ ਵਿੱਚ ਸਦੀਆਂ ਤੱਕ ਜਾਤ ਅਧਾਰਤ ਕੁੱਝ ਵਰਗਾਂ ਨਾਲ ਭੇਦਭਾਵ ਕਾਇਮ ਰਿਹਾ ਹੈ ਅਤੇ ਬਹੁਤੇ ਲੋਕ ਅਪਣੇ ਹੀ ਦੇਸ ਦੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਜਿਨ੍ਹਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਜਿਲ੍ਹਾ ਰੂਪਨਗਰ ਵਿੱਚ ਹੋਇਆ। ਆਪ ਦੇ ਨਾਨਾ ਦਾ ਨਾਮ ਸਾਹਿਬ ਦਿਤਾ ਅਤੇ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ। ਬਾਬੂ ਜੀ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਬਾਬੂ ਜੀ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਬਾਬੂ ਜੀ ਨੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਬਾਬੂ ਕਾਂਸ਼ੀ ਰਾਮ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਬਾਬੂ ਕਾਂਸ਼ੀ ਰਾਮ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ 1956 ਵਿੱਚ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। ਇਸ ਦੌਰਾਨ ਆਪ ਦੀ ਮੰਗਣੀ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਹੀ ਕਰ ਦਿਤਾ ਅਤੇ ਪੂਰੀ ਉਮਰ ਵਿਆਹ ਨਹੀਂ ਕਰਵਾਇਆ। 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿੱਆ ਪਾਸ ਕੀਤੀ ਅਤੇ ਇਸਦੀ ਟ੍ਰੇਨਿੰਗ ਲਈ ਦੇਹਰਾਦੂਨ ਚੱਲੇ ਗਏ। ਇਸ ਟ੍ਰੇਨਿੰਗ ਲਈ ਸਮੂਹ ਸਿਖਿੱਆਰਥੀਆਂ ਨੂੰ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿੱਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ। ਆਪਨੇ ਇਹ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਇਹ ਟ੍ਰੇਨਿੰਗ ਛੱਡਕੇ ਵਾਪਸ ਆ ਗਏ। ਇਸਤੋਂ ਬਾਦ ਆਪ ਨੇ ਰੱਖਿਆ ਉਤਪਾਦਨ ਵਿਭਾਗ ਪੂਨਾ ਵਿੱਚ ਸਹਾਇਕ ਵਿਗਿਆਨਕ ਦੇ ਤੋਰ ਤੇ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਇੱਕ ਹੋਰ ਅਛੂਤ ਸਟਾਫ ਮੈਂਬਰ ਦੀਨਾ ਭਾਨਾ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਹੋਣ ਵਾਲੀਆਂ ਛੁੱਟੀਆਂ ਪ੍ਰਬੰਧਕਾਂ ਵਲੋਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਬੰਦ ਕੀਤੀਆਂ ਗਈਆਂ ਇਹ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ। ਆਪ ਨੇ 1971 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ। ਆਦਿ ਧਰਮ ਲਹਿਰ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਆਪ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਸਮਝੋਤਾ ਸੀ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੋਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦਿੱਤੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਆਪ ਨੇ ਇਸ ਸਬੰਧੀ ਅਪਣੀ ਕਿਤਾਬ ਚਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਆਪ ਨੇ ਦਲਿਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਜਾਗਰੂਕਤਾ ਅਭਿਆਨ ਚਲਾਇਆ ਅਤੇ ਬਹੁਜਨ ਹਿਤਾਏ, ਬਹੁਜਨ ਸੁਖਾਏ ਲਹਿਰ ਚਲਾਈ। 06 ਦਸੰਬਰ, 1978 ਨੂੰ ਬੈਕਵਰਡ ਐਂਡ ਮਾਇਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ। ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ ਅਤੇ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ 50 ਸਾਲ ਪਹਿਲਾਂ ਆਦਿ ਧਰਮ ਮੁਹਿੰਮ ਦੇ ਮੋਢੀ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ।



1998 ਵਿੱਚ ਆਪ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬਾਬੂ ਕਾਂਸ਼ੀ ਰਾਮ ਜੋ ਕਿ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਬਾਬੂ ਜੀ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਬਾਬੂ ਜੀ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਬੀ ਤਿਆਰ ਕੀਤੀ ਗਈ ਹੈ। ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰਸਟ ਦੇ ਚੇਅਰਮੈਨ ਅਤੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਭਾਣਜੇ ਰਵਿੰਦਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸਦਾ ਨੀਂਹ ਪੱਥਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੋਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਰਾਜ ਸਭਾ ਮੈਂਬਰ ਸ਼ਮਸੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਵਿਸੇਸ ਤੌਰ ਤੇ ਇੱਕ ਭਵਨ ਬਣਵਾਇਆ ਗਿਆ ਹੈ।

ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਹੋਰ ਆਗੂ ਇਸ ਟਰੱਸਟ ਵਿੱਚ ਆਂਦੇ ਹਨ ਅਤੇ ਬਾਬੂ ਜੀ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ। ਹਰ ਸਾਲ ਦੀ ਤਰ੍ਹਾਂ ਅੱਜ 15 ਮਾਰਚ, 2020 ਨੂੰ ਇਸ ਟਰੱਸਟ ਵਲੋਂ ਬਾਬੂ ਜੀ ਦੇ ਜਨਮ ਦਿਵਸ ਸਬੰਧੀ ਵਿਸੇਸ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਪਹੁੰਚ ਰਹੇ ਹਨ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਧੀਆਂ ਵਾਲੇ

ਪੈ ਵਿਚ ਸੋਚਾਂ ਦੇ ਧੀਆਂ ਵਾਲੇ ਧੀ ਤੋਰਨ ਆਪਣੀ ਕੱਲੀ ।
ਨਾਂ ਜਾਨਣ ਕਿੰਝ ਜਿੰਦ ਬਿਤਾਉ ਲੜ ਲਾ ਜਿਸਦੇ ਘੱਲੀ ।
ਸੱਧਰਾਂ ਲੈ ਪਿਆਰ ਵਾਲੀਆਂ ਧੀ ਸੋਹਰੇ ਘਰ ਨੂੰ ਚੱਲੀ ।
ਪੈ ਵਿਚ ਸੋਚਾਂ ਦੇ ਧੀਆਂ ਵਾਲੇ ਧੀ ਤੋਰਨ ਆਪਣੀ ਕੱਲੀ ।

ਪਾਲ ਪੋਸਦੀ ਲਾਡਾਂ ਦੇ ਵਿਚ ਤੇ ਬਚਪਨ ਮਾਂ ਖਿਡਾਉਂਦੀ,
ਰੱਖ ਸ਼ੌਕ ਬੜੇ ਹੀ ਮਨ ਵਿਚ ਉਹ ਪੁੱਤਾਂ ਵਾਂਗ ਪੜਾਂਉਂਦੀ ।
ਪਿਓ ਰੱਖਦਾ ਪੁੱਤਾਂ ਤੋਂ ਉਤੇ ਦਿੰਦਾ ਘਰ ਥਾਂ ਯੋਗ ਅਵੱਲੀ ,
ਪੈ ਵਿਚ ਸੋਚਾਂ ਦੇ ਧੀਆਂ ਵਾਲੇ ਧੀ ਤੋਰਨ ਆਪਣੀ ਕੱਲੀ ।

ਕਦਰਾਂ ਕੀਮਤਾਂ ਦੀ ਮਤ ਦੇ ਕੇ ਪਾਲਣ ਉਹਦੀ ਜਵਾਨੀ,
ਅਕਲ ਵਿੱਦਿਆ ਦਾ ਦੇ ਖ਼ਜ਼ਾਨਾ ਸਮਝਣ ਚੀਜ਼ ਬੈਗਾਨੀ ।
ਰੋਵਣ ਤੋਰ ਕੇ ਧੀ ਆਪਣੇ ਹੱਥੀ ਲੋਕੀ ਆ-ਆ ਦੇਣ ਤਸੱਲੀ,
ਪੈ ਵਿਚ ਸੋਚਾਂ ਦੇ ਧੀਆਂ ਵਾਲੇ ਧੀ ਤੋਰਨ ਆਪਣੀ ਕੱਲੀ ।

ਚੈਨ ਨਾਂ ਆਵੇ ਤੋਰ ਕੇ ਧੀ ਨੂੰ ਉਹ ਕਰਦੇ ਫਿਰਨ ਦੁਆਵਾਂ,
ਸੁੱਖੀ ਵੱਸੇ ਜਿਸ ਘਰ ਗਈ ਏ ਆਉਣ ਨਾਂ ਕੋਈ ਬਲਾਵਾਂ ।
ਭੁੱਖ ਗਰੀਬੀ ਕੱਟ ਲਈਂ ਧੀਏ ਰੱਬ ਰੱਖੇ ਨਜ਼ਰ ਸਵੱਲੀ ,
ਪੈ ਵਿਚ ਸੋਚਾਂ ਦੇ ਧੀਆਂ ਵਾਲੇ ਧੀ ਤੋਰਨ ਆਪਣੀ ਕੱਲੀ ।

ਧੰਨ ਦੇ ਲੋਭੀ ਨਾਂ ਮਿਲਣ ਕਿਸੇ ਨੂੰ ਨੀਅਤ ਕਦੇ ਨਾਂ ਭਰਦੀ ,
ਕਹਿਣੀ ਕਰਣੀ ਅੱਡ ਜਦ ਹੁੰਦੀ ਜਾ ਧੀ ਨਿਮਾਣੀ ਮਰਦੀ ।
ਬੰਦਾ ਤੱਤੇ ਲੇਖਾਂ ਦੇ ਸੜਦੇ ਹੋਉਕੇ ਜਾਂਦਾ ਅੰਦਰੋਂ ਅੰਦਰ ਝੱਲੀ,
ਪੈ ਵਿਚ ਸੋਚਾਂ ਦੇ ਧੀਆਂ ਵਾਲੇ ਧੀ ਤੋਰਨ ਆਪਣੀ ਕੱਲੀ ।



-ਰਬਿੰਦਰ ਸ਼ਰਮਾ

# ਪੰਜਾਬੀ ਮਾਂ ਬੋਲੀ

ਪੰਜਾਬੀ ਤਾਂ ਹੈ ਸਾਡੀ ਮਿਠੀ ਪਿਆਰੀ ਮਾਂ ਬੋਲੀ ।
ਖਿਚਵੇਂ ਇਹਦੇ ਬੋਲ ਤੇ ਹੈ ਦਿਲਾਂ ਦੀ ਹਮਜੋਲੀ ।

ਦਿਤੀ ਗੁਰੂਆਂ,ਪੀਰਾਂ,ਫਕੀਰਾਂ,ਸੰਤਾਂ ਇਹ ਬਾਣੀ,
ਇਸ ਵਿਚ ਮਿਟੀ ਦਾ ਰਿਸ਼ਤਾ,ਹਵਾ ਦੀ ਰਬਾਨੀ ।

ਇਹ ਨਸਲਾਂ ਦਾ ਵਿਰਸਾ ਤੇ ਵੱਡਿਆਂ ਦੀ ਪਤ,
ਪੰਜਾਂ ਪਾਣੀਆਂ ਦਿਤੀ ਇਹ ਸੋਹਣੀ ਜਿਹੀ ਮਤ ।

ਇਹ ਲਹੂ ਦੀ ਸਿੰਜੀਓ ਤੇ ਤਬੀਆਂ ਦੀ ਤਪੀਓ ,
ਇਹ ਤ੍ਰਿਝਣਾਂ ਦੀ ਘੂਕਰ ਤੇ ਭਗਤਾਂ ਦੀ ਜਪੀਓ ।

ਇਹ ਬਰੂਹਾਂ ਚੋਂ ਨਿਕਲੀ ਤੇ ਪੰਨਿਆਂ ਤੇ ਆਈ,
ਇਹ ਬਣ ਅੱਖਾਂ ਵਿਚ ਵੱਸਦੀ ਅਜ ਰੁਸ਼ਨਾਈ ।

ਇਹ ਸਪਤਸਿੰਧੂ ਤੋਂ ਜਨਮੀ ਬਣੀ ਅੱਖਰ ਲਿਪੀ,
ਪੈਂਤੀ ਗੁਰੂ ਨਾਨਕ ਜੀ ਨੇ ਜੋੜੀ ਤੇ ਅੱਗੇ ਹੈ ਦਿਤੀ ।

ਇਹ ਫਰੀਦ, ਹੁਸੈਨ, ਬੁਲੇ ਸ਼ਾਹ, ਬਾਹੂ ਸੰਭਾਲੀ,
ਇਹਨੇ ਦਮੋਦਰ, ਵਾਰਿਸ ਸ਼ਾਹ ਦੀ ਹੀਰ ਪਾਲੀ।

ਨਿਖਾਰਣ ਲਈ ਉਪਰਾਲਾ ਬੜਿਆਂ ਨੇ ਹੈ ਕੀਤਾ,
ਲਿਖ ੨ ਭੰਡਾਰ ਕਿਤਾਬਾਂ 'ਚ ਇਹਨੂੰ ਹੈ ਸੀਅਤਾ।

ਨਾਂ ਛੱਡਿਓ ਲੜ ਇਹਦਾ ਇਹ ਬੜੀ ਅਮਾਨਤ,
ਇਹ ਸ਼ੰਘਰਸਾਂ ਦੀ ਜਾਈ ਰਹੇ ਸਦਾ ਸਲਾਮਤ ।

ਦੇਸ਼ਾਂ ਵਿਦੇਸ਼ਾਂ ਵਿਚ ਵੱਸਦੇ ਨੇ ਇਹਦੇ ਰੱਖਵਾਲੇ,
ਅੱਜ ਪੰਜਾਬੀ ਮਾਂ ਬੋਲੀ ਦੇ ਨੇ ਹਰ ਥਾਂ ਬੋਲਬਾਲੇ।

– ਰਬਿੰਦਰ ਸ਼ਰਮਾ

# ਜਦੋਂ ਆਪਾਂ ਏਥੋਂ ਤੁਰ ਗਏ

ਕਿੱਥੋਂ ਲੱਭੇਂਗਾ ਆਵਾਜ਼ਾਂ ਫਿਰ ਮਾਰੇਂਗਾ।
ਕਹਿ ਕੇ ਪਾਪਾ-ਪਾਪਾ ਫੇਰ ਪੁਕਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਉਹ ਜੋ ਕੀਤੀਆਂ ਸੀ ਲਾਡੀਆਂ ਤੇ ਪਾਰੀਆਂ।
ਤੇਰੇ ਨਾਲ ਸੀ ਜੋ ਯਾਰਾਂ ਵਾਂਗੂੰ ਯਾਰੀਆਂ।
ਬਿਨਾਂ ਮੋਹ ਦੇ ਤੂੰ ਜ਼ਿੰਦਗੀ ਗੁਜ਼ਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਤੇਰੇ ਸੁੱਖਾਂ ਨੂੰ ਸੀ ਚਾਵਾਂ ਨਾਲ ਸੰਵਾਰਿਆ।
ਜਿੰਦਾਂ ਅੰਬਰਾਂ ਨੂੰ ਤਾਰਿਆਂ ਸ਼ਿੰਗਾਰਿਆ।
ਕੱਲਾ ਬਹਿ ਕੇ ਫਿਰ ਸੋਚੇਂਗਾ ਵਿਚਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਤੇਰੀ ਜ਼ਿੰਦ ਵੀ ਤਾਂ ਰੱਬ ਵਾਂਗੂੰ ਪਿਆਰੀ ਸੀ।
ਹਰ ਜ਼ਿੰਦ ਉਤੇ ਆਰਤੀ ਉਤਾਰੀ ਸੀ।
ਕਿੰਦਾਂ ਅੰਬਰਾਂ 'ਚੋਂ ਤਾਰੇ ਤੂੰ ਉਤਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਸਾਡੇ ਫਰਜ਼ਾਂ 'ਚ ਤੇਰੀ ਸੀ ਸੰਵੇਦਨਾ।
ਉੱਚ ਸਿੱਖਿਆ ਦੀ ਪਾਈ ਤੂੰ ਪ੍ਰੇਰਣਾ।
ਡੂੰਘੇ ਪਾਣੀਆਂ 'ਚੋਂ ਬੇੜੀਆਂ ਨੂੰ ਤਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਦੇਵੀਂ ਸਭ ਨੂੰ ਪਿਆਰ ਸਤਿਕਾਰ ਵੀ।
ਉੱਚਾ ਦੁਨੀਆਂ 'ਤੇ ਰਵੇ ਕਿਰਦਾਰ ਵੀ।
ਯਾਦਾਂ ਸਾਡੀਆਂ ਨੂੰ ਕਾਲਜੇ 'ਚ ਠਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਸ਼ੁਭਕਾਮਨਾ ਹਮੇਸ਼ਾ ਤੇਰੇ ਨਾਲ ਨੇ।
ਦੇਣੀ ਖੁਸ਼ਬੂ ਹੈ ਫੁੱਲਾਂ ਵਾਲੀ ਡਾਲ ਨੇ।
ਸਦਾ ਜਿੱਤੇਂਗਾ ਤੂੰ ਕਦੀ ਵੀ ਨਈਂ ਹਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਵੇਖੀਂ ਯਾਦ ਸਾਡੀ ਫੇਰ ਤੈਨੂੰ ਆਉਣੀ ਨਈਂ।
ਪੀਂਘ ਮੁੜ ਕੇ ਅਤੀਤ ਵਾਲੀ ਪਾਉਣੀ ਨਈਂ।
ਨਵੇਂ ਮੋਹਰ, ਨਵੇਂ ਰਿਸ਼ਤੇ ਉਸਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।
ਧੀਆਂ ਪੁੱਤਰਾਂ 'ਚ ਰਵੇਂ ਤੂੰ ਸਲਾਮ ਵੇ।
ਤੇਰਾ ਦੁਨੀਆਂ 'ਚ ਰਵੇ ਸਦਾ ਨਾਮ ਵੇ।
ਮੋਇਆਂ ਬਾਅਦ ਵੀ ਤੂੰ ਸਾਨੂੰ ਸਤਿਕਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

ਪਿਆਰ ਨਾਲ ਇਕ ਬੇਨਤੀ ਗੁਜ਼ਾਰਨੀ।
ਜਿੰਦ ਆਪਣੀ ਤੂੰ ਰੀਝਾਂ ਨਾਲ ਸੰਵਾਰਨੀ।
ਖੁਸ਼ਬੂ 'ਬਾਲਮ' ਦੀ ਜੱਗ 'ਤੇ ਖਿਲਾਰੇਂਗਾ।
ਜਦੋਂ ਆਪਾਂ ਏਥੋਂ ਤੁਰ ਗਏ।

– ਬਲਵਿੰਦਰ 'ਬਾਲਮ'
ਗੁਰਦਾਸਪੁਰ
91-98156-25409

# ਬੱਚਿਆਂ ਨੂੰ ਜੀ ਜੀ ਕਰਦੇ

ਮੈਂ ਸੋਚਦਾ ਸੀ ਗੱਲ ਨੂੰ ਅਜੇ ਟਾਲਾਂ
ਬੱਚਿਆਂ ਨੂੰ ਜੀ ਜੀ ਕਰਦੇ
ਬੁੱਢਿਆਂ ਨੂੰ ਕੱਢਦੇ ਗਾਲਾਂ
ਬੱਚਿਆਂ ਨੂੰ ...

ਦੇਰ ਬਾਹਲੀ ਹੋ ਜੂ ਜੇ ਹੁਣੇ ਨਾ ਰੋਕੀ ਗਈ
ਭਾਂਬੜ ਇਹ ਬਣ ਜਾਊ ਜੇ ਹੁਣੇ ਨਾ ਟੋਕੀ ਗਈ
ਹੋਰ ਕਿਹੋ ਜਿਹਾ ਸਮਾਂ ਮੈਂ ਭਾਲਾਂ
ਬੱਚਿਆਂ ਨੂੰ ਜੀ ਜੀ ਕਰਦੇ
ਬੁੱਢਿਆਂ ਨੂੰ ਕੱਢਦੇ ਗਾਲਾਂ

ਬੁੱਢਿਆਂ ਦੀ ਸਹੀ ਜਾਵੇ ਨਾ ਨਿਰਾਦਰੀ
ਦੇਖਦਾ ਹਾਂ ਅੱਜ ਕੈਸੀ ਹੋਈ ਨਾ ਬਰਾਬਰੀ
ਆਪਣੇ ਆਪ ਨੂੰ ਕਿਵੇਂ ਸੰਭਾਲਾਂ
ਬੱਚਿਆਂ ਨੂੰ ਜੀ ਜੀ ਕਰਦੇ
ਬੁੱਢਿਆਂ ਨੂੰ ਕੱਢਦੇ ਗਾਲਾਂ

ੋਲੋਕ ਬੱਚਿਆਂ ਦੀ ਚਾਪਲੂਸੀ ਨੇ ਕਰਦੇ
ਮਾਂ-ਬਾਪ ਦੀ ਸੇਵਾ ਤੋਂ ਕਿਉਂ ਨੇ ਟਲਦੇ
ਕਿਉਂ ਆਪਣੇ ਲਈ ਪੁੱਟਦੇ ਖਾਲ੍ਹਾਂ
ਬੱਚਿਆਂ ਨੂੰ ਜੀ ਜੀ ਕਰਦੇ
ਬੁੱਢਿਆਂ ਨੂੰ ਕੱਢਦੇ ਗਾਲਾਂ

ਇਹੋ ਜਿਹੀ ਕੁਰੀਤੀ ਪਊ ਤੁਰੰਤ ਹੀ ਰੋਕਣੀ
ਆਉਣ ਵਾਲੀ ਪੀੜ੍ਹੀ ਸਿੱਖੇ ਬੁਰੀ ਗੱਲ ਚਿਰੋਕਣੀ
ਸਾਹੋਕੇ ਹੋਰ ਬੁਰੇ ਬਣਨ ਤੋਂ ਮੈਂ ਸੰਭਾਲਾਂ
ਬੱਚਿਆਂ ਨੂੰ ਜੀ ਜੀ ਕਰਦੇ
ਬੁੱਢਿਆਂ ਨੂੰ ਕੱਢਦੇ ਗਾਲਾਂ



– ਸੁਖਚਰਨ ਸਿੰਘ ਸਾਹੋਕੇ

# ਤੇਰੇ ਨਾਮ ਦੇ ਝੰਡੇ ਝੁੱਲਦੇ ਨੇ ਰਵਿਦਾਸ ਗੁਰੂ

ਤੇਰੀ ਅੰਮ੍ਰਿਤ ਬਾਣੀ ਰਸਭਿੰਨੀ ਦੁੱਖਾਂ ਦਾ ਕਰਦੀ ਨਾਸ ਗੁਰੂ।
ਤੇਰੇ ਨਾਮ ਦੇ ਝੰਡੇ ਝੁਲਦੇ ਨੇ ਰਵਿਦਾਸ ਗੁਰੂ ਰਵਿਦਾਸ ਗੁਰੂ।
ਤੇਰੀ ਜੋਤ ਹੈ ਰੱਬ ਦੀ ਜੋਤ ਵਿਚੋਂ ਸਾਰੀ ਦੁਨੀਆ ਨੂਰੋ ਨੂਰ ਹੋਈ।
ਵੱਖਵਾਦੀਆਂ ਪਾਈਆਂ ਵੰਡੀਆਂ ਸੀ ਵੰਡ ਰੱਬ ਨੂੰ ਨਾ ਮਨਜ਼ੂਰ ਹੋਈ।
ਕਲਸਾਂ ਦੀ ਗੋਦ ਨੂੰ ਭਾਗ ਲੱਗੇ ਵਿਚ ਖੁਸ਼ੀਆਂ ਦੇ ਭਰਪੂਰ ਹੋਈ।
ਜੋ ਜਕੜੇ ਵਿਚ ਗੁਲਾਮੀ ਦੇ ਤੇ ਅੱਜ ਗੁਲਾਮੀ ਦੂਰ ਹੋਈ।
ਜੋ ਤਰਸਣ ਅੰਮ੍ਰਿਤ ਬੂੰਦਾਂ ਨੂੰ ਖ਼ਸਾਰੀ ਬੁਝ ਗਈ ਪਿਆਸ ਗੁਰੂ।
ਤੇਰੇ ਨਾਮ ਦੇ ਝੰਡੇ ਝੁਲਦੇ ਨੇ, ਰਵਿਦਾਸ ਗੁਰੂ ਰਵਿਦਾਸ ਗੁਰੂ।
ਜਿੱਥੇ ਗੜ ਹੈਸੀ ਵੱਖਵਾਦੀਆਂ ਦਾ ਤੇ ਹਰ ਪਾਸੇ ਕੂੜ ਪਸਾਰੇ ਸਨ।
ਵਿਚ ਕਾਂਸ਼ੀ ਉਸ ਬਨਾਰਸ ਦੇ ਤੇਰੇ ਨਾਮ ਦੇ ਚਮਕੇ ਤਾਰੇ ਸਨ।
ਸੰਤੋਖ ਦਾਸ ਮੋਤੀਆਂ ਵਾਲੇ ਤੇਰੇ ਸਿਰ ਤੋਂ ਮੋਤੀ ਵਾਰੇ ਸਨ।
ਸੰਤੋਖ ਦਾਸ ਭੁੱਖਿਆਂ ਦੇ ਲਈ ਤੇ ਦਿੰਤੇ ਖੋਲ ਭੰਡਾਰੇ ਸਨ।
ਭੁੱਖਿਆਂ ਦੀਆਂ ਆਂਦਰਾਂ ਤੜਫਦੀਆਂ ਤੂੰ ਮੂਹ ਵਿਚ ਪਾਏ ਗਰਾਸ ਗੁਰੂ।
ਤੇਰੇ ਨਾਮ ਦੇ ਝੰਡੇ ਝੁਲਦੇ ਨੇ ਰਵਿਦਾਸ ਗੁਰੂ ਰਵਿਦਾਸ ਗੁਰੂ।

ਮਜ਼ਹਬਾਂ ਤੇ ਜਾਤਾਂ ਪਾਤਾਂ ਵਿਚ ਗਈ ਸਾਰੀ ਮਨੁੱਖਤਾ ਵੰਡੀ ਸੀ।
ਫੜ ਨਾਮ ਦੇ ਹੱਥ ਹਥੌੜੇ ਨੂੰ ਜ਼ਾਲਮਾਂ ਦੀ ਜੁੰਡਲੀ ਚੰਡੀ ਸੀ।
ਰਤ ਲਾਹੁੰਦੇ ਜੋ ਮਜ਼ਲੂਮਾਂ ਦੀ ਤੂੰ ਫੜੀ ਉਹਨਾਂ ਦੀ ਘੰਡੀ ਸੀ।
ਪਾਪਾਂ ਦਾ ਗਰਮ ਬਜ਼ਾਰ ਸਾਰੇ ਥਾਂਹ-ਥਾਂਹ ਤੇ ਲੱਗੀ ਮੰਡੀ ਸੀ।
ਚਿਹਰੇ ਖੁਸ਼ੀਆਂ ਵਿਚ ਮੁਸਕਰਾ ਉੱਠੇ ਜੋ ਬੈਠੇ ਹੈਸੀ ਉਦਾਸ ਗੁਰੂ।
ਤੇਰੇ ਨਾਮ ਦੇ ਝੰਡੇ ਝੁਲਦੇ ਨੇ, ਰਵਿਦਾਸ ਗੁਰੂ ਰਵਿਦਾਸ ਗੁਰੂ।

ਲੋਟੂ ਟੋਲੇ ਨੇ ਲੁੱਟ ਪਾਈ ਸ਼ਰੇਆਮ ਉਹਨਾਂ ਨੂੰ ਝਾੜਿਆ ਸੀ।
ਉਹਨਾਂ ਦੇ ਕਾਲੇ ਕਾਨੂੰਨਾਂ ਦਾ ਫੜਕੇ ਤੇ ਚਿੱਠਾ ਸਾੜਿਆ ਸੀ।
ਕਿਹੜਾ ਰੱਬ ਦੇ ਨਾਮ ਤੇ ਰੋਕ ਲਊ ਭਰੀ ਮਹਿਫਲ ਵਿਚ ਤਾੜਿਆ ਸੀ।
ਪਿਛੜੇ ਜੋ ਕਹਿੰਦੇ ਦੂਜੇ ਨੂੰ ਉਹਨਾਂ ਤਾਈ ਪਿਛਾੜਿਆ ਸੀ।
ਸੁਣਿਆ ਉਪਦੇਸ਼ ਜਦੋਂ ਸੱਚ ਦਾ ਤੇਰੇ ਰਾਜੇ ਬਣ ਗਏ ਦਾਸ ਗੁਰੂ।
ਤੇਰੇ ਨਾਮ ਦੇ ਝੰਡੇ ਝੁਲਦੇ ਨੇ ਰਵਿਦਾਸ ਗੁਰੂ ਰਵਿਦਾਸ ਗੁਰੂ।
ਰਾਜਾ ਨਾਗਰ ਮੱਲ ਚੰਦਰ ਪ੍ਰਤਾਪ ਰਾਜਾ ਪੀਪਾ ਸੇਵਕ ਤੇਰਾ ਸੀ।
ਮੀਰਾਂ ਤੇ ਕਰਮਾਂ ਝਾਲਾਂ ਦਾ ਤੂੰ ਕੀਤਾ ਦੂਰ ਹਨੇਰਾ ਸੀ।
ਰਾਜੇ ਵੈਨ ਸਿੰਘ ਨੂੰ ਦਿਹ ਸਿੱਖਿਆ ਪਾਇਆ ਜਦੋਂ ਖੁਰਾਲਗੜ੍ਹ ਫੇਰਾ ਸੀ।
ਤੂੰ ਸੰਤ ਅਜ਼ਾਦ ਕਰਾਏ ਸਨ ਲਾਇਆ ਪਾਸ ਉਹਨਾ ਦਾ ਡੇਰਾ ਸੀ।
ਝੱਟ ਆ ਕੇ ਚਰਨੀ ਲੱਗ ਗਿਆ ਤੇਰਾ ਆਪੇ ਚਲੇ ਖਰਾਬ ਗੁਰੂ।
ਤੇਰੇ ਨਾਮ ਦੇ ਝੰਡੇ ਝੁਲਦੇ ਨੇ, ਰਵਿਦਾਸ ਗੁਰੂ ਰਵਿਦਾਸ ਗੁਰੂ।

ਕਵੀ
ਭਗਤ ਰਾਮ ਦੀਵਾਨਾ



# ਪੰਜਾਬੀ ਸਾਹਿਤ ਸਭਾ ਆਦਮਪੁਰ ਦੋਆਬਾ ਵੱਲੋਂ 'ਕਾਵਿ ਰਿਸ਼ਮਾਂ' ਪੁਸਤਕ ਰਿਲੀਜ਼

**ਅਲਾਵਲਪੁਰ (ਮਦਨ ਬੰਗੜ)-** ਪੰਜਾਬੀ ਸਾਹਿਤ ਸਭਾ ਆਦਮਪੁਰ ਦੋਆਬਾ (ਰਜਿ¢) ਵਲੋਂ ਕਰਵਾਏ ਸਾਹਿਤਕ ਸਮਾਗਮ ਵਿੱਚ ਪਲੇਠੀ ਪ੍ਰਕਾਸ਼ਨਾ ਠਕਾਵਿ ਰਿਸ਼ਮਾਠ ਪੁਸਤਕ ਨੂੰ ਲੋਕ ਅਰਪਣ ਕਰਨ ਲਈ ਇੱਕ ਪ੍ਰਭਾਵਸ਼ਾਲੀ ਵਿਚਾਰ ਗੋਸ਼ਟੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਪੁਸਤਕ ਬਾਰੇ ਸਰੋਤਿਆਂ ਨੂੰ ਜਾਣਕਾਰੀ ਦਿੰਦਿਆਂ ਸਭਾ ਦੇ ਜਨਰਲ ਸਕੱਤਰ ਹਰਮੀਤ ਸਿੰਘ ਅਟਵਾਲ ਨੇ ਕਿਹਾ ਕਿ ਸਭਾ ਵੱਲੋਂ ਕੁਝ ਸਮਰੱਥ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਦੀ ਸਾਂਝ ਪੰਜਾਬੀ ਪਾਠਕਾਂ ਨਾਲ ਪੁਆਉਣ ਅਤੇ ਨਵੀਆਂ ਕਲਮਾਂ ਨੂੰ ਹੁਲਾਰਾ ਦੇਣ ਲਈ ਇਸ ਪੁਸਤਕ ਰਾਹੀਂ ਯਤਨ ਕੀਤਾ ਗਿਆ ਹੈ। ਇਸ ਮੌਕੇ ਸੇਂਟ ਸੋਲਜਰ ਕਾਲਜੀਏਟ ਸਕੂਲ ਦੀ ਪ੍ਰਿੰਸੀਪਲ ਅਕਵੀਰ ਕੌਰ ਨੇ ਪੁਸਤਕ ॥ਤੇ ਖੋਜ ਭਰਪੂਰ ਪੇਪਰ ਪੜ੍ਹਦਿਆਂ ਇਸ ਪੁਸਤਕ ਨੂੰ ਸਮੇਂ ਦੀ ਪ੍ਰਤੀਨਿਧਤਾ ਕਰਦਾ



ਕਾਵਿ ਸੰਗ੍ਰਹਿ ਦੱਸਿਆ। ਪ੍ਰੋਫੈਸਰ ਹਰਦੀਪ ਰਾਜਾਰਾਮ ਨੇ ਨਵੇਂ ਕਲਮਕਾਰਾਂ ਨੂੰ ਕਈ ਪੁਰਾਣੇ ਕਲਮਕਾਰਾਂ ਦੀ ਕਤਾਰ ਵਿੱਚ ਸ਼ਾਮਲ ਹੋਣ ॥ਤੇ ਵਧਾਈ ਦਿੱਤੀ। ਇਸ ਸਮਾਗਮ ਦੇ ਮੁੱਖ ਮਹਿਮਾਨ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ¢ ਬਲਵਿੰਦਰ ਸਿੰਘ ਥਿੰਦ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਕਾਵਿ ਦੀਆਂ ਸਾਰੀਆਂ ਵਿਧਾਵਾਂ ਦਾ ਇੱਕ ਖ਼ੂਬਸੂਰਤ ਗੁਲਦਸਤਾ ਹੈ, ਜਿਸ ਵਿੱਚੋਂ ਵਿਭਿੰਨ ਰੰਗਾਂ ਅਤੇ ਰਸਾਂ ਨੂੰ ਮਾਣਿਆ ਜਾ ਸਕਦਾ ਹੈ। ਡਾ¢ ਥਿੰਦ ਨੇ ਕਿਹਾ ਕਿ ਅਜੋਕੇ ਸਮੇਂ ਸਰਾਪੇ ਸਮਿਆਂ ਵਿੱਚ ਨੈਤਿਕ ਮੁੱਲਾਂ ਦਾ ਹੋਕਾ ਦਿੰਦੇ ਕਰਤਾਰੀ ਸਾਹਿਤ ਦੀ ਅਹਿਮ ਲੋੜ ਹੈ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਗੁਰਦੇਵ ਸਿੰਘ ਨਿੱਝਰ ਨੇ ਕਿਹਾ ਕਿ ਕਵੀਆਂ ਨੇ ਸਮਾਜਿਕ ਬੁਰਾਈਆਂ ਤੇ ਉਂਗਲ ਉਠਾਉਂਦਿਆਂ ਉਨ੍ਹਾਂ ਸਮੱਸਿਆਵਾਂ ਦੇ ਹੱਲ ਵੀ ਉਠਾਏ ਹਨ। ਸਭਾ ਦੇ ਪ੍ਰਧਾਨ ਰੂਪ ਲਾਲ ਰੂਪ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਇਸ ਪੁਸਤਕ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮੇਂ ਦੇ ਹਾਣੀ ਬਣਾਉਣ ਦਾ ਇੱਕ ਉਪਰਾਲਾ ਦੱਸਿਆ ਜੋ ਕਿ ਸਭਾ ਦਾ ਮੁੱਖ ਟੀਚਾ ਹੈ। ਇਸ ਮੌਕੇ ਆਸ਼ੀ ਈਸਪੁਰੀ, ਗਿਆਨੀ ਅਜੀਤ ਸਿੰਘ ਫ਼ਤਹਿਪੁਰੀ, ਪ੍ਰਿੰਸੀਪਲ ਅਕਵੀਰ ਕੌਰ, ਖੁਸ਼ੀ ਮੁਹੰਮਦ ਚੱਠਾ, ਸਾਬੀ ਈਸਪੁਰੀ, ਸੁਖਦੇਵ ਨਿਰਮੋਹੀ, ਸਵਰਨ ਰਾਹੀਂ, ਸੁਖਦੇਵ ਭਾਮ, ਮਦਨ ਬੋਲੀਨਾ, ਹਰਵਿੰਦਰ ਸਾਬੀ, ਸੁਮਨਦੀਪ ਕੌਰ ਘੋੜਾਵਾਹੀ, ਬਲਜੀਤ ਘੋਲੀਆ, ਅਨੀਤਾ ਬੱਤਰਾ ਪਾਹਵਾ, ਪ੍ਰਿੰਸੀਪਲ ਅਸ਼ੋਕ ਕੁਮਾਰ ਅਸ਼ੋਕੀ, ਜਸਪਾਲ ਜ਼ੀਰਵੀ, ਉਂਕਾਰ ਸਿੰਘ, ਮਹਿੰਦਰ ਸਿੰਘ ਮਾਨ, ਸੁਖਦੇਵ ਸਿੰਘ, ਸੁਰਿੰਦਰ ਮੋਹਨ, ਹਰਪ੍ਰੀਤ ਸਿੰਘ ਆਦਿ ਕਵੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਸਮਾਗਮ ਵਿੱਚ ਰੰਗ ਬੰਨ੍ਹਿਆ।

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing



**510- 733- 2222**

1421 Industrial PKWY West#F Hayward, CA 94544

Prop: Jasbir Singh Takhar
510-755-2132

Harmandeep Singh



# L.A. MERCHANDISE

**Whole Sale +Retail**

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।









Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

**530-671-0439, Fax 530-822-0439 Cell- 530-844-3250**



# SUNSHINE AUTO CARE INC.

DBA

# PHILLIPS AUTO CARE

## Auto Services:

* Oil Change Services
* Factory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

## Trucks & Trailers Services:

* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰਾਪ ਵੀ ਕਰਦੇ ਹਾਂ

hablamos español

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA DISCOVER

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)

Address: 1003 Moffat Blvd, Manteca CA 95336

# ਦਿੱਲੀ ਦਾ ਹਿੰਸਕ ਕਾਂਡ: ਨਵੰਬਰ-84 ਦਾ ਦੁਹਰਾਉ ਨਹੀਂ



ਜਸਵੰਤ ਸਿੰਘ 'ਅਜੀਤ'

ਇਨ੍ਹਾਂ ਹੀ ਦਿਨਾਂ ਵਿੱਚ ਦਿੱਲੀ ਵਿੱਚ ਵਾਪਰੇ ਹਿੰਸਕ ਕਾਂਡ ਨੂੰ ਲੈ ਕੇ ਕਈ ਹਲਕਿਆਂ, ਵਿਸ਼ੇਸ਼ ਰੂਪ ਵਿੱਚ ਕੁਝ ਰਾਜਸੀ ਆਗੂਆਂ ਵਲੋਂ, ਇਸਨੂੰ ਨਵੰਬਰ-੮੪ ਦੇ ਸਿੱਖ ਕਤਲ-ਏ-ਆਮ ਦਾ ਦੁਹਰਾਉ ਕਰਾਰ ਦਿੱਤਾ ਗਿਆ ਹੈ, ਜੋ ਕਿ ਬਿਲਕੁਲ ਗਲਤ ਅਤੇ ਸਿੱਖ ਕਤਲ-ਏ-ਆਮ ਦਾ ਅਧਾਰ-ਹੀਨ ਮੁਲਾਂਕਣ ਹੈ। ਇਸਦਾ ਕਾਰਣ ਇਹ ਮੰਨਿਆ ਜਾਂਦਾ ਹੈ ਕਿ ਜੇ ਨਵੰਬਰ-੮੪ ਦੇ ਸਿੱਖ ਕਤਲ-ਏ-ਆਮ ਦੌਰਾਨ ਵਾਪਰੀਆਂ ਘਟਨਾਵਾਂ, ਜੋ ਦਿੱਲੀ ਵਿੱਚ ਹੀ ਨਹੀਂ ਸਗੋਂ ਦਿੱਲੀ ਸਹਿਤ ਸਮੁਚੇ ਦੇਸ਼, ਵਿਸ਼ੇਸ਼ ਰੂਪ ਵਿੱਚ ਕਾਂਗ੍ਰਸ-ਸੱਤਾ ਵਾਲੇ ਰਾਜਾਂ ਵਿੱਚ ਵੀ ਵਾਪਰਿਆ ਸੀ, ਨੂੰ ਦਿੱਲੀ ਵਿੱਚ ਵਾਪਰੇ ਵਰਤਮਾਨ ਹਿੰਸਕ ਕਾਂਡ ਨਾਲ ਤੁਲਨਾ ਕਰਦਿਆਂ, ਗੰਭੀਰਤਾ ਨਾਲ ਘੋਖਿਆ ਜਾਏ ਤਾਂ ਦੋਹਾਂ ਕਾਡਾਂ ਵਿੱਚ ਜ਼ਮੀਨ-ਅਸਮਾਨ ਦਾ ਅੰਤਰ ਨਜ਼ਰ ਆਇਗਾ। ਹਰ ਕੋਈ ਜਾਣਦਾ ਹੈ ਕਿ ਜਿਨ੍ਹਾਂ ਦਿਨਾਂ ਵਿੱਚ ਸਿੱਖ ਕਤਲ-ਏ-ਆਮ ਵਾਪਰਿਆ, ਉਨ੍ਹਾਂ ਦਿਨਾਂ ਵਿੱਚ ਦਿੱਲੀ ਵਿੱਚ ਹੀ ਨਹੀਂ, ਸਗੋਂ ਕਾਂਗ੍ਰਸ ਸੱਤਾ ਵਾਲੇ ਰਾਜਾਂ ਵਿੱਚ ਵੀ, ਨਾ ਤਾਂ ਕੋਈ ਸਰਕਾਰ ਨਜ਼ਰ ਆ ਰਹੀ ਸੀ ਤੇ ਨਾ ਹੀ ਕੋਈ ਕਾਨੂੰਨ। ਹਰ ਪਾਸੇ ਲੁਟੇਰਿਆਂ ਅਤੇ ਕਾਤਲਾਂ ਦਾ ਹੀ ਰਾਜ ਵਿਖਾਈ ਦੇ ਰਿਹਾ ਸੀ। ਜਿਥੇ-ਕਿਥੇ ਵੀ ਕੋਈ ਦਾੜ੍ਹੀ-ਕੇਸਾਂ ਵਾਲਾ ਅਤੇ ਪਗੜੀ-ਧਾਰੀ ਵਿਖਾਈ ਦਿੰਦਾ, ਪਕੜ ਗਲ ਵਿੱਚ ਟਾਇਰ ਪਾ, ਜਲਣਸ਼ੀਲ ਪਦਾਰਥ ਛਿੜਕ ਅੱਗ ਲਾ ਦਿੱਤੀ ਜਾਂਦੀ, ਜਦੋਂ ਤਕ ਸੜ ਰਹੇ ਸਿੱਖ ਦੀਆਂ ਚੀਖਾਂ ਸੁਣਾਈ ਦਿੰਦੀਆਂ, ਤਦ ਤਕ ਉਸਦੇ ਦੁਆਲੇ ਭੰਗੜਾ ਪਾਇਆ ਜਾਂਦਾ ਰਹਿੰਦਾ। ਦੇਸ਼ ਭਰ ਦੇ ਸਿੱਖਾਂ ਦੀਆਂ ਚਲ ਅਤੇ ਅਚਲ ਜਾਇਦਾਦਾਂ ਦੀਆਂ ਸੂਚੀਆਂ ਇਸਤਰ੍ਹਾਂ ਲੁਟੇਰਿਆਂ ਦੇ ਹੱਥਾਂ ਵਿੱਚ ਫੜੀਆਂ ਨਜ਼ਰ ਆ ਰਹੀਆਂ ਸਨ, ਜਿਵੇਂ ਪਹਿਲਾਂ ਤੋਂ ਹੀ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਵਿਉਂਤ ਬਣਾ ਲਈ ਗਈ ਹੋਈ ਸੀ। ਇਸ ਸਾਰੇ ਕਾਂਡ ਦੋਰਾਨ ਲੋਕਾਂ ਦੇ ਜਾਨ-ਮਾਲ ਦੀ ਰਖਿਆ ਕਰਨ ਦੇ ਜ਼ਿਮੇਂਦਾਰ ਪੁਲਿਸ-ਬਲ ਇੱਸ ਸਮੁਚੇ ਕਾਂਡ ਦੌਰਾਨ ਜਾਂ ਤਾਂ ਮੂਕ ਦਰਸ਼ਕ ਬਣੇ ਜਾਂ ਲੁਟੇਰਿਆਂ-ਹਤਿਆਰਿਆਂ ਦੇ ਮਦਦਗਾਰ ਨਜ਼ਰ ਆ ਰਹੇ ਸਨ। ਇਨ੍ਹਾਂ ਤਿੰਨ ਦਿਨਾਂ ਦੌਰਾਨ ਦਿੱਲੀ ਵਿੱਚ ਹੀ ਸਿੱਖਾਂ ਦੇ ਮਾਰੇ ਜਾਣ ਦੀ ਗਿਣਤੀ ਸਰਕਾਰੀ ਅੰਕੜਿਆਂ ਅਨੁਸਾਰ ਤਿੰਨ-ਕੁ ਹਜ਼ਾਰ ਦੇ ਲਗਭਗ ਸੀ, ਜਦਕਿ ਗੈਰ-ਸਰਕਾਰੀ ਏਜੰਸੀਆਂ ਦੀ ਜਾਂਚ ਵਿੱਚ ਪੰਜ ਹਜ਼ਾਰ ਤੋਂ ਵੱਧ ਸਿੱਖਾਂ ਦੇ ਮਾਰੇ ਜਾਣ ਦੇ ਅੰਕੜੇ ਦਿੱਤੇ ਗਏ ਸਨ। ਸਿੱਖਾਂ ਦੀ ਚਲ-ਅਚਲ ਜਾਇਦਾਦ ਲੁਟੇ ਅਤੇ ਸਾੜੇ ਜਾਣ ਦਾ ਅਨੁਮਾਨ ਕਰੋੜਾਂ ਵਿੱਚ ਨਹੀਂ ਅਰਬਾਂ ਤੋਂ ਵੀ ਕਿਤੇ ਵੱਧ ਦਾ ਹੋਣਾ ਦਸਿਆ ਗਿਆ ਸੀ। ਹੋਰ ਤਾਂ ਹੋਰ ਇਨ੍ਹਾਂ ਦਿਨਾਂ ਵਿੱਚ ਸਿੱਖਾਂ ਦੇ ਕਤਲ ਅਤੇ ਉਨ੍ਹਾਂ ਦੀਆਂ ਚਲ-ਅਚਲ ਜਾਇਦਾਦਾਂ ਲੁਟੇ ਤੇ ਸਾੜੇ ਜਾਣ ਦੀਆਂ ਮੁਢਲੀਆਂ ਰਿਪੋਰਟਾਂ (ਐਫਆਈਆਰ) ਤਕ ਵੀ ਪੁਲਿਸ ਵਲੋਂ ਦਰਜ ਨਹੀਂ ਸਨ ਕੀਤੀਆਂ ਗਈਆਂ, ਜੇ ਕਿਤੇ ਦਬਾਉ ਪੈਣ ਤੇ ਦਰਜ ਹੋਈਆਂ ਵੀ ਤਾਂ ਉਹ ਫਾਈਲਾਂ ਦੇ ਭਾਰ ਹੇਠ ਦਬਾ ਦਿੱਤੀਆਂ ਗਈਆਂ।

ਇਸਦੇ ਵਿਰੁੱਧ ਇਨ੍ਹਾਂ ਹੀ ਦਿਨਾਂ ਵਿੱਚ ਦਿੱਲੀ ਵਿੱਚ ਜੋ ਹਿੰਸਕ ਕਾਂਡ ਵਾਪਰਿਆ ਹੈ, ਉਹ ਇੱਕ ਤਾਂ ਕੇਵਲ ਦਿੱਲੀ ਦੇ ਹੀ ਇੱਕ ਹਿਸੇ ਤਕ ਹੀ ਸੀਮਤ ਰਿਹਾ ਅਤੇ ਦੂਸਰਾ ਭਾਵੇਂ ਦਿੱਲੀ ਵਿੱਚ ਇਸ ਹਿੰਸਕ ਕਾਂਡ ਨੂੰ ਨਵੰਬਰ-੮੪ ਦੇ ਸਿੱਖ ਕਤਲ-ਏ-ਆਮ ਨੂੰ ਦੂਜੇ ਫਿਰਕੇ ਵਿਰੁਧ ਦੁਹਰਾਉਣ ਦੀ ਹੀ ਵਿਉਂਤ ਸੀ, ਪਰ ਅਜਿਹਾ ਹੋ ਨਾ ਸਕਿਆ, ਕਿਉਂਕਿ ਇਸ ਵਾਰ ਲੋਕੀ ਨਵੰਬਰ-੮੪ ਦੇ ਸਮੇਂ ਸਿੱਖਾਂ ਵਾਂਗ ਅਵੇਸਲੇ ਨਹੀਂ, ਜਾਗਰੂਕ ਸਨ। ਇਤਨਾ ਹੀ ਨਹੀਂ ਜਦੋਂ ਹਿੰਸਕ ਭੀੜ ਹਮਲਾਵਰ ਹੋਈ ਤਾਂ ਹਿੰਦੂ-ਮੁਸਲਮਾਨ-ਸਿੱਖ ਇੱਕ ਜੁਟ ਹੋ ਉਸਦੇ ਸਾਹਮਣੇ ਦੀਵਾਰ ਬਣ ਕੇ ਖੜੇ ਹੋ ਗਏ, ਜਦਕਿ ਨਵੰਬਰ-੮੪ ਵਿੱਚ ਕੋਈ ਵੀ ਸਿੱਖਾਂ ਨੂੰ ਬਚਾਣ ਲਈ ਅਗੇ ਨਹੀਂ ਸੀ ਆਇਆ। ਇਹ ਗਲ ਵਖਰੀ ਹੈ ਕਿ ਕੁਝ ਗੁਆਂਢੀਆਂ ਨੇ ਆਪਣੇ ਗੁਆਂਢੀ ਸਿੱਖ ਪਰਿਵਾਰਾਂ ਨੂੰ ਬਚਾਣ ਲਈ ਆਪਣੇ ਫਰਜ਼ ਦੀ ਅਦਾਇਗੀ ਕੀਤੀ। ਇਸ ਵਾਰ ਤਿੰਨਾਂ ਫਿਰਕਿਆਂ ਦੇ ਇਕ ਜੁਟ ਹੋ, ਦੀਵਾਰ ਬਣ ਕੇ ਖੜੇ ਹੋਣ ਦਾ ਹੀ ਇਹ ਨਤੀਜਾ ਹੋਇਆ ਕਿ ਫਸਾਦੀ ਉਤਨਾ ਨੁਕਸਾਨ ਕਰਨ ਵਿੱਚ ਸਫਲ ਨਾ ਹੋ ਸਕੇ, ਜਿਤਨਾ ਨੁਕਸਾਨ ਕਰਨ ਦੀ ਨੀਯਤ ਧਾਰ ਉਹ ਮੈਦਾਨ ਵਿੱਚ ਨਿਤਰੇ ਸਨ। ਇਹੀ ਕਾਰਣ ਹੈ ਕਿ ਇਸ ਹਿੰਸਕ ਕਾਂਡ ਨੂੰ ਨਵੰਬਰ-84 ਦੇ ਸਿੱਖ ਕਤਲ-ਏ-ਆਮ ਨਾਲ ਤੁਲਨਾ ਨਹੀਂ ਦਿੱਤੀ ਜਾ ਸਕਦੀ।



ਨਨਕਾਣਾ ਸਾਹਿਬ ਸ਼ਹੀਦੀ ਸਾਕੇ ਕੀ ਸ਼ਤਾਬਦੀ: 1920 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਕੁਕਰਮੀ ਮਹੰਤਾਂ ਤੋਂ ਮੁਕਤ ਕਰਵਾਉਣ ਦੇ ਲਈ ਗਏ ਸਿੱਖ ਸ਼ਹੀਦੀ ਜੱਥੇ ਵਿੱਚ ਸ਼ਾਮਲ ਸਿੱਖਾਂ ਨੂੰ ਗੁਰਦੁਆਰਾ ਨਨਕਾਣਾ ਸਾਹਿਬ ਪੁਰ ਕਾਬਜ਼ ਮਹੰਤ ਦੇ ਗੁੰਡਿਆਂ ਨੇ ਬਹੁਤ ਹੀ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ ਸੀ। ਕਈਆਂ ਨੂੰ ਜੰਡਾਂ ਨਾਲ ਬੰਨ੍ਹ ਸਾੜਿਆ ਗਿਆ, ਕਈਆਂ ਨੂੰ ਕੁਹਾੜੀਆਂ ਟਕੂਆਂ ਨਾਲ ਕੋਹ ਕੋਹ ਕੇ ਮਾਰਿਆ ਗਿਆ ਅਤੇ ਕਈਆਂ ਨੂੰ ਗੋਲੀਆਂ ਦਾ ਨਿਸ਼ਾਨਾਂ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਸ਼ਹੀਦੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਆਲ ਇੰਡੀਆ ਪੰਥਕ ਫੋਰਮ ਵਲੋਂ ਕਸ਼ਤਰੀਆ ਭਵਨ ਪਹਾੜ ਗੰਜ ਵਿਖੇ ਆਯੋਜਤ ਕੀਤਾ ਜਾ ਰਿਹਾ ਹੈ। ਫੋਰਮ ਦੇ ਮੀਤ ਪ੍ਰਧਾਨ ਸ. ਕੁਲਬੀਰ ਸਿੰਘ ਦੇ ਅਨੁਸਾਰ ਇਸ ਮੌਕੇ ਸਿੱਖ ਧਰਮ ਅਤੇ ਬਹੁਮੁਲੇ ਇਤਿਹਾਸ ਦੇ ਪ੍ਰਮੁਖ ਵਿਦਵਾਨ ਡਾ. ਇਕਬਾਲ ਸਿੰਘ ਲਾਲਪੁਰਾ ਵਰਤਮਾਨ ਪੰਥਕ ਹਾਲਾਤ ਦੀ ਰੋਸ਼ਨੀ ਵਿੱਚ ਸ਼ਹੀਦੀ ਸਾਕੇ ਦੀ ਯਾਦ ਤਾਜ਼ਾ ਕਰਵਾਣਗੇ।

**...ਅਤੇ ਅੰਤ ਵਿੱਚ :** ਇਨ੍ਹਾਂ ਹੀ ਦਿਨਾਂ ਵਿੱਚ ਸੋਸ਼ਲ ਮੀਡੀਆ ਪੁਰ ਇਕ ਵੀਡੀਓ ਵਾਇਰਲ ਹੋਇਆ ਨਜ਼ਰਾਂ ਵਿਚੋਂ ਗੁਜ਼ਰਿਆ ਜਿਸ ਵਿੱਚ ਧੁਰ-ਵਿਰੋਧੀ ਚਲੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸ. ਪਰਮਜੀਤ ਸਿੰਘ ਸਰਨਾ ਅਤੇ ਦਿੱਲੀ ਪ੍ਰਦੇਸ਼ ਅਕਾਲੀ ਦਲ (ਬਾਦਲ) ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜ. ਅਵਤਾਰ ਸਿੰਘ ਹਿਤ ਵਿੱਚ ਇੱਕ 'ਗੁਪਤ' ਮੁਲਾਕਾਤ ਹੋਣ ਦਾ ਜ਼ਿਕਰ ਕੀਤਾ ਗਿਆ ਹੋਇਆ ਸੀ।

ਪ੍ਰੰਤੂ ਇਸ ਮੁਲਾਕਾਤ ਵਿੱਚ ਕੀ ਗਲਬਾਤ ਹੋਈ ਇਸਦਾ ਖੁਲਾਸਾ ਨਾ ਤਾਂ ਵੀਡੀਓ ਵਿੱਚ ਕੀਤਾ ਗਿਆ ਅਤੇ ਨਾ ਹੀ ਸ. ਸਰਨਾ ਜਾਂ ਜ. ਹਿਤ ਵਲੋਂ ਹੀ ਕੀਤਾ ਗਿਆ ਹੈ। ਦਿੱਲੀ ਦੇ ਸਿੱਖ ਰਾਜਸੀ ਇਤਿਹਾਸ ਦੇ ਜਾਣਕਾਰਾਂ ਅਨੁਸਾਰ ਲਗਭਗ 21 ਵਰ੍ਹੇ ਪਹਿਲਾਂ ਸ. ਸਰਨਾ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚੋਂ ਬਾਹਰ ਕਢਵਾਉਣ ਵਿੱਚ ਜ. ਅਵਤਾਰ ਸਿੰਘ ਹਿਤ ਦੀ ਮਹਤੱਤਾ ਪੂਰਣ ਭੂਮਕਾ ਰਹੀ ਦਸੀ ਜਾਂਦੀ ਹੈ। ਉਸਦੇ ਬਾਅਦ ਸ. ਸਰਨਾ ਨੇ ਮੁੜ ਕੇ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲ ਨਹੀਂ ਵੇਖਿਆ। ਦੱਸਣ ਵਾਲੇ ਦਸਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸੱਤਾਕਾਲ ਦੌਰਾਨ ਲੰਮੇਂ ਸਮੇਂ ਤੋਂ ਗੁਰਦੁਆਰਾ ਕਮੇਟੀ ਦੀ ਸੱਤਾ ਤੋਂ ਬਾਹਰ ਚਲੇ ਆ ਰਹੇ ਬਾਦਲ ਅਕਾਲੀ ਦਲ ਨੂੰ ਗੁਰਦੁਆਰਾ ਪ੍ਰਬੰਧ ਵਿੱਚ ਭਾਈਵਾਲੀ ਦੁਆਣ ਲਈ ਇੱਕ ਵਾਰ ਸ. ਸੁਖਦੇਵ ਸਿੰਘ ਢੀਂਡਸਾ ਨੇ ਸ. ਸਰਨਾ ਦੇ ਨਾਲ ਆਪਣੇ ਨਿਜੀ ਸੰਬੰਧਾਂ ਦੇ ਚਲਦਿਆਂ ਸਮਝੌਤਾ ਕੀਤਾ ਸੀ, ਪ੍ਰੰਤੂ ਜ. ਹਿਤ ਵਲੋਂ ਉਸ ਸਮਝੌਤੇ ਨੂੰ ਤਾਰਪੀਡੋ ਕਰ ਦਿੱਤਾ ਗਿਆ, ਜਿਸਦਾ ਨਤੀਜਾ ਇਹ ਹੋਇਆ ਕਿ ਦਿੱਲੀ ਪ੍ਰਦੇਸ਼ ਅਕਾਲੀ ਦਲ (ਬਾਦਲ) ਵਿੱਚ ਫੁਟ ਪੈ ਗਈ। ਇੱਕ ਗੁਟ ਸ. ਸਰਨਾ ਨਾਲ ਚਲਾ ਗਿਆ, ਜਦਕਿ ਦੂਸਰਾ ਜ. ਹਿਤ ਦੇ ਨਾਲ ਬਣਿਆ ਰਿਹਾ।







# Manyavar Kanshi Ram

## Floral Tributes on his 86th Birth Anniversary



March 15th, 2020, just a few days away, will be Manyavar Shri Kanshi Ram Ji's 86th birthday. Manyavar Kanshi Ram who is also revered as Yugpurush or Jan Nayak by his followers, devoted his entire adult life in pursuit of fulfilling the dreams of Babasaheb, Dr. B.R. Ambedkar in political mobilization and upliftment of those who were amputated for centuries from the main body- organism of the Indian society. Before taking a glimpse into his dynamic role as a crusader for social justice, we, on behalf of SUPREME COUNCIL, SRI GURU RAVIDASS SABHAS USA, CONGRATULATE millions of his followers and admirers worldwide on this auspicious occasion of his 86th Birth Anniversary.



**O.P. BALLEY**
**General Secretary, Supreme Council Sri Guru Ravidass Sabhas, USA**

CRUSADE FOR SOCIAL JUSTICE:- While employed in a responsible and a comfortably well paid job in Explosives Research and Development Laboratory in Pune (Maharashtra), Saheb Shri Kanshi Ram Ji came in close contact with some of his colleagues and friends who were associated with the concept of Babasaheb Ambedkar's philosophy and struggle for equality and social justice. Shri Kanshi Ram was motivated to make an exhaustive study of Babasaheb's literature and the five Books which impacted his conscience the most and illuminated his journey from early years in rural Punjab to his association with Ambedkarites in Pune are listed below.

1) Castes in India, their Mechanism Genesis and Development (1916). 2) Annihilation of Caste (1936). 3) Mr. Gandhi and the Emancipation of Untouchables. (1943). 4) What Congress and Gandhi have done to Untouchables. 5) States and Minorities.

Repeated and penetrating study of literary treasure of Babasaheb bequeathed by him to the future guardians of his Caravan awakened Shri Kanshi Ram Ji from a slumber of ignorance, urging him to dedicate his entire life to complete the unfinished work of Mahatma Jyotiba Phule, Chatrapati Sahu Ji Maharaj and Babasaheb Dr. B.R. Ambedkar.

**MOVEMENTS LAUNCHED:-** Resigning from his Government job in Pune Shri Kanshi Ram Ji moved back to Northern India in the mid- sixties and after consolidating his basis in Punjab he decided to launch BAMCEF, DS-4 organizations and finally founded BAHUJAN SAMAJ PARTY which has now assumed the status of a National political party in India.

He was filled with an ardent ambition, fervor and dynamism to take the Caravan of Babasaheb to its destination for which he travelled day and night from village to village, rallying around him a large magnitude of supporters, pedaling his travels on bicycles or any other available mode of transport, soliciting support and collecting funds without which the ambitious campaigns he was launching could not be empowered to march on the track carved out by Babasaheb.

**FOCUS ON UTTER PRADESH:-**From Punjab he extended the focus of his activities to UTTER PRADESH which he believed more promising to execute his ideological plans. There he was introduced to Kumari Mayawati, then employed as a school teacher and preparing for her I.A.S Examination. Shri Kanshi Ram who saw in Mayawati some shining rays of a brighter future to be his protégé, persuaded her to join his campaign to rid the people sitting at the lowest rung of the social ladder suffering while living a life of servitude at the hands of the so called upper classes of society. It was Manyavar Kanshi Ram Ji's sustained efforts, hard work, intellectual acumen and farsightedness to groom and launch Mayawati's political career, thus enabling her to become the first Dalit Chief Minister of U.P four times. Mayawati regards Shri Kanshi Ram Ji as her political mentor. Shri Kanshi Ram himself too was elected to the Parliament which provided him better leverage to move his political Agenda further.

**THOUGHTS ON CASTE SYSTEM:** - While elaborating his views on centuries-old caste system in India Manyavar Kanshi Ram Ji was very vocal and emphatic in stating that "There are millions of people who leave their villages and migrate to Metropolitan cities like Bombay, Delhi and Kolkata and other big cities. These people do not bring anything else with them. The only thing they bring with them is their caste. They leave behind in their villages their small huts, small plot of land etc. But they cannot leave behind their caste in the village." This is very much true even when they migrate to foreign countries.

He travelled all over India to attract the unprivileged people to his fold, telling them that "People who want to make history must learn from history. The greatest strength of weaker sections of society lies in their unity and solidarity."

**ERA OF CHAMCHA AGE: -** In his Book "CHAMCHA AGE" Manyavar Kanshi Ram Ji brings up a very candid and a crystal statement about those who pose and brag as leaders of the deprived sections but in reality they are tempted by personal greeds and sell themselves to boost their own fake images with no concern for those who put them in their positions of power.

**RESPONSIBILITY ON BAHEN MAYAWATI:-** Behan Mayawati who holds the strings of running the Bahujan Samaj Party knows very well the onus of responsibility left on her shoulders by his mentor Shri Kanshi Ram Ji to fulfil the dreams of Babasaheb, Dr B.R. Ambedkar. The entire Bahujan Samaj which Kanshi Ram Ji laboured so hard to rebuild has pinned its hopes on her for future course of action as the "SUPREMO" of the Bahujan Samaj Party.

**POLITICAL VACUUM AFTER BABASAHEB:** - For a period of more than twenty years after the sudden demise of Babasaheb in 1956 we saw a political vacuum in his life long struggle for social transformation. It was deliberately crafted by some unruly forces of Manuwadi- ideology to obliterate the lifelong accomplishments of Dr. Ambedkar. But Saheb Shri Kanshi Ram's unyielding determination and sustained efforts provided a renewed vigor, momentum and optimism to the vision of Dr. Ambedkar. That is why Babasaheb is now venerated as a universally acknowledged "LIBERATOR of the down-trodden and builder of modern India.

**KANSHI RAM JI'S PLACE IN HISTORY:-** Following the foot- prints of his mentor Babasaheb, Shri Kanshi Ram Ji decided to convert to Budhism on October 14th,2006 alongwith five hundred thousand followers, but unfortunately he breathed his last on October 9th 2006, just a few days before the projected date for conversion. This was a big jolt and shock to millions of his followers in the entire Bahujan Samaj. Though Kanshi Ram Ji has left his mortal frame but the inexhaustible treasure of his contributions to rekindle the flame of Babasaheb's struggle for restoration of human rights has immortalized him in the hearts and souls of his people. History will treat him with dignity and honor for his selfless services to his Samaj and the country as a whole.

For the sake of his mission he willingly gave up his personal interests and comforts by remaining unmarried all his life, acquiring no property or Bank Balances and never going back to visit his Native home in Punjab.

We salute in reverence to this great soul for his selfless contributions to the entire Bahujan fraternity for which he deserves to be awarded with the distinguished honor of "BHARAT RATNA".

Let us conclude with his famous Slogan

**"VOTE HAMARA RAJ TUMHARA, NAHI CHALEGA! NAHI CHALEGA!"**

**With best wishes**

**O.P. BALLEY**

# ਤੁਰਕੀ ਨੇ ਸਰਹੱਦ ਖੋਲ੍ਹੀ: 80 ਹਜ਼ਾਰ ਪ੍ਰਵਾਸੀ ਯੂਰਪ ਜਾ ਵੜੇ

**ਅੰਕਾਰਾ–** ਤੁਰਕੀ ਦੇ ਸੰਚਾਰ ਨਿਰਦੇਸ਼ਕ ਫਹਾਤੀਨ ਅਲਤੂਨ ਨੇ ਕਿਹਾ ਹੈ ਕਿ 80 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀ ਆਪਣੇ ਦੇਸ਼ ਦੀ ਉੱਤਰ ਪੱਛਮੀ ਸਰਹੱਦ ਤੋਂ ਯੂਰਪ ਦੀ ਯਾਤਰਾ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਤੁਰਕੀ ਸ਼ਰਨਾਰਥੀ ਸੰਕਟ ਨਾਲ ਨਜਿੱਠਣ ਲਈ ਗੰਭੀਰਤਾ ਨਾਲ ਕੰਮ ਕਰ ਰਿਹਾ ਹੈ। ਸੀਰੀਆ, ਇਰਾਕ, ਈਰਾਨ ਅਤੇ ਪਾਕਿਸਤਾਨ ਤੋਂ ਹਜ਼ਾਰਾਂ ਸ਼ਰਨਾਰਥੀ ਬਿਹਤਰ ਜ਼ਿੰਦਗੀ ਲਈ ਤੁਰਕੀ ਦੇ ਰਸਤੇ ਯੂਰਪ ਵਿੱਚ ਦਾਖਲ ਹੋ ਰਹੇ ਹਨ। ਤੁਰਕੀ ਨੇ ਵੀਰਵਾਰ ਨੂੰ ਗੈਰਕਾਨੂੰਨੀ ਪ੍ਰਵਾਸੀਆਂ ਲਈ ਆਪਣੀਆਂ ਸਰਹੱਦਾਂ ਖੋਲ੍ਹਣ ਦਾ ਐਲਾਨ ਕੀਤਾ ਸੀ।

ਉਨ੍ਹਾਂ ਕਿਹਾ ਕਿ ਮਨੁੱਖੀ ਦੁੱਖ, ਸੀਰੀਆ ਪਰਵਾਸ ਦੀ ਚੁਣੌਤੀ ਅਤੇ ਬੇਮਿਸਾਲ ਵਿਸਥਾਪਨ ਨਾ ਸਿਰਫ ਤੁਰਕੀ ਬਲਕਿ ਯੂਰਪ ਅਤੇ ਵਿਸ਼ਵ ਲਈ ਵੀ ਇੱਕ ਸਮੱਸਿਆ ਬਣਿਆ ਹੋਇਆ ਹੈ। ਅਲਤੂਨ ਨੇ ਕਿਹਾ ਕਿ ਤੁਰਕੀ ਸ਼ਰਨਾਰਥੀ ਸੰਕਟ ਨਾਲ ਨਜਿੱਠਣ ਲਈ ਜ਼ੋਰ-ਸ਼ੋਰ ਨਾਲ ਕੰਮ ਕਰ ਰਿਹਾ ਹੈ ਪਰ ਦੂਜੇ ਦੇਸ਼ਾਂ ਨੂੰ ਵੀ ਇਸ ਮੁੱਦੇ 'ਤੇ ਕੰਮ ਕਰਨਾ ਚਾਹੀਦਾ ਹੈ।

### ਸ਼ਰਨਾਰਥੀ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਰਾਹੀਂ ਪਹੁੰਚ ਰਹੇ ਹਨ



ਬਹੁਤੇ ਸ਼ਰਨਾਰਥੀ ਏਵਰੋਸ ਨਦੀ ਰਾਹੀਂ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਦੁਆਰਾ ਯੂਨਾਨ ਦੀ ਸਰਹੱਦ 'ਤੇ ਪਹੁੰਚ ਰਹੇ ਹਨ। ਖਬਰ ਏਜੰਸੀ ਸ਼ਿਨਹੂਆ ਦੇ ਇੱਕ ਫੋਟੋ ਪੱਤਰਕਾਰ ਯਾਸੀਨ ਅਕੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿਹਾ ਕਿ ਤੁਰਕੀ ਦੇ ਲੋਕ ਸ਼ਰਨਾਰਥੀਆਂ ਨੂੰ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਤੋਂ ਨਦੀ ਦੇ ਦੂਜੇ ਪਾਸੇ ਲੈ ਕੇ ਜਾ ਰਹੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਪਿੰਡ ਦੇ ਲੋਕ ਨਦੀ ਨੂੰ ਪਾਰ ਕਰਨ ਲਈ ਇਕ ਵਿਅਕਤੀ ਤੋਂ 35 ਤੋਂ 70 ਅਮਰੀਕੀ ਡਾਲਰ ਲੈ ਰਹੇ ਹਨ। ਬੱਚਿਆਂ ਲਈ ਕੋਈ ਪੈਸਾ ਨਹੀਂ ਲਿਆ ਜਾ ਰਿਹਾ ਹੈ। ਬਹੁਤ ਸਾਰੇ ਸ਼ਰਨਾਰਥੀ ਨਦੀ ਦੇ ਕੰਢੇ ਮਛੇਰਿਆਂ ਨਾਲ ਨਦੀ ਪਾਰ ਕਰਾਉਣ ਦੇ ਬਦਲੇ ਭਾਅ ਮੁਕਾਉਣ ਲਈ ਦਿਨ-ਰਾਤ ਗੱਲਬਾਤ ਕਰ ਰਹੇ ਹਨ।

### ਤੁਰਕੀ ਨੇ ਗੈਰ ਕਾਨੂੰਨੀ ਪ੍ਰਵਾਸੀਆਂ ਲਈ ਆਪਣੀ ਸਰਹੱਦ ਖੋਲ੍ਹੀ

ਇਸੇ ਦੌਰਾਨ ਗਰੀਸ ਦੇ ਸੁਰੱਖਿਆ ਬਲਾਂ ਦੁਆਰਾ ਕਾਬੂ ਕੀਤੇ ਗਏ ਲੋਕਾਂ ਨੂੰ ਤੁਰਕੀ ਵਾਪਸ ਭੇਜ ਦਿੱਤਾ ਗਿਆ ਹੈ। ਉੱਤਰ ਪੱਛਮੀ ਸੂਬੇ ਇਦਲੀਬ ਵਿਚ ਸੀਰੀਆ ਦੇ ਹਵਾਈ ਹਮਲੇ ਵਿਚ ਇਸਦੇ 33 ਫੌਜੀ ਮਾਰੇ ਜਾਣ ਤੋਂ ਬਾਅਦ ਤੁਰਕੀ ਨੇ ਆਪਣੀ ਸਰਹੱਦ ਨੂੰ ਗੈਰਕਨੂੰਨੀ ਪ੍ਰਵਾਸੀਆਂ ਲਈ ਖੋਲ੍ਹਣ ਦਾ ਫੈਸਲਾ ਕੀਤਾ ਹੈ। ਤੁਰਕੀ ਵਿੱਚ ਇਸ ਸਮੇਂ 3.7 ਮਿਲੀਅਨ ਤੋਂ ਵੱਧ ਸੀਰੀਆ ਦੇ ਸ਼ਰਨਾਰਥੀ ਹਨ। ਸਰਕਾਰ ਨੇ ਕੁੱਝ ਦਿਨ ਪਹਿਲਾਂ ਆਪਣੀਆਂ ਸਰਹੱਦਾਂ ਨੂੰ ਖੋਲ੍ਹਦਿਆਂ ਐਲਾਨ ਕੀਤਾ ਸੀ ਕਿ ਹੁਣ ਇਕੱਲਾ ਤੁਰਕੀ ਸ਼ਰਨਾਰਥੀਆਂ ਦਾ ਟਿਕਾਣਾ ਨਹੀਂ ਰਹੇਗ।




## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




BERKSHIRE HATHAWAY HOMESERVICES BH HS
Elite Real Estate
Home Services
BERKSHIRE HATHAWAY




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

OFFICE: 7412 ELSIE AVE., SACRAMENTO, CA 95828



ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਤਰਲੋਚਨ ਸਿੰਘ ਬੱਧਣ, ਅਨੀਤਾ ਬੱਧਣ,
(ਬੇਟੀਆਂ) ਮਾਨਸੀ ਬੱਧਣ ਅਤੇ ਨੈਨਸੀ ਬੱਧਣ, (ਬੇਟਾ) ਦਿਲਜਾਨ ਬੱਧਣ

# ਤਰਲੋਚਨ ਸਿੰਘ ਬੱਧਣ

(ਖਜਾਨਚੀ) ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

## ਸਮੂਹ ਬੱਧਣ ਪਰਿਵਾਰ

---

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 15 ਮਾਰਚ 2020 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।







# ਸ਼ਿਵ ਸਿੰਘ ਸਿੱਧੂ

## (ਜਨਰਲ ਸਕੱਤਰ)

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ)

## ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਦੇ ਚੌਥੇ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ







# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹਰ ਸਾਲ ਵਾਂਗ, ਇਸ ਸਾਲ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਦਾ ਚੌਥਾ ਸਥਾਪਨਾ ਦਿਵਸ ਅਤੇ ਮੂਰਤੀ ਸਥਾਪਨਾ ਦਿਵਸ ਬਹੁਤ ਹੀ ਖੁਸ਼ੀਆਂ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਮਿਤੀ **15 ਮਾਰਚ ਦਿਨ ਐਤਵਾਰ 2020** ਨੂੰ ਨਿਮਨ ਲਿਖਤ ਪ੍ਰੋਗਰਾਮ ਮੁਤਾਬਕ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਤੇ ਖੁਸ਼ੀਆਂ ਤੇ ਆਸ਼ੀਰਵਾਦ ਪ੍ਰਾਪਤ ਕਰੋ ਜੀ।

**ਪ੍ਰੋਗਰਾਮ**

ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ 15 ਮਾਰਚ, 2020 ਦਿਨ ਐਤਵਾਰ ਸਵੇਰੇ 9.30 ਵਜੇ। ਇਸ ਉਪਰੰਤ ਮਹਾਂਰਿਸ਼ੀ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਸਵੇਰੇ 10 ਵਜੇ ਆਰੰਭ ਹੋਣਗੇ ਅਤੇ ਭੋਗ ਉਪਰੰਤ ਰਾਗੀ, ਢਾਡੀ, ਕਵੀਸ਼ਰ ਜਥੇ ਅਤੇ ਬੁਲਾਰੇ ਭਗਵਾਨ ਵਾਲਮੀਕ ਜੀ ਦੀਆਂ ਸਿੱਖਿਆਵਾ ਬਾਰੇ ਜਾਣਕਾਰੀ ਦੇਣਗੇ ਅਤੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਗੁਰੂ ਕਾ ਲੰਗਰ ਸਵੇਰ ਤੋਂ ਸ਼ਾਮ ਤੱਕ ਅਤੁੱਟ ਵਰਤੇਗਾ।

## ਵਿਸ਼ੇਸ਼ ਬੇਨਤੀ

ਮੰਦਰ ਦੀ ਡਿਵੈਲਪਮੈਂਟ ਦਾ ਕੰਮ ਚੱਲ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੀ ਦਸਾਂ ਨਹੁੰਆਂ ਦੀ ਕਿਰਤਾਂ 'ਚੋਂ ਸ਼ਰਧਾ ਤੇ ਸਮਰੱਥਾ ਅਨੁਸਾਰ ਹਿੱਸਾ ਪਾਓ ਜੀ।


















## ਬੇਨਤੀ ਕਰਤਾ- ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

ਸੰਪਰਕ ਲਈ:- ਪ੍ਰਧਾਨ ਸ੍ਰੀ ਪ੍ਰੇਮ ਸੌਂਧੀ 530-813-3877, ਸੰਤੋਖ ਸਿੰਘ ਗਿੱਲ (ਉਪ ਪ੍ਰਧਾਨ) 530-740-3056, ਸਕੱਤਰ ਬਲਬੀਰ ਧਾਰੀਵਾਲ (ਸੋਨੀ) 916-243-9017

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)
## 31252 Veasy Street Union City (CA) 94587

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ 15 ਮਾਰਚ 2020 ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ **15 ਮਾਰਚ 2020** ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 15 ਮਾਰਚ 2020 ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਿਸਾਨ ਸਾਹਿਬ ਦੀ ਸੇਵਾ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਦੀ ਨਵੀਂ ਬਿਲਡਿੰਗ ਬਣਨ ਜਾ ਰਹੀ ਹੈ, ਨਵੀਂ ਬਿਲਡਿੰਗ ਦੀ ਉਸਾਰੀ ਲਈ ਤਨ, ਮਨ, ਧਨ ਨਾਲ ਸਹਿਯੋਗ ਕਰੀਏ**

## ਸ੍ਰੀ ਗੁਰੂ ਰਵਿਦਾਸ ਜੀ ਦੇ 643ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ




ਵਿਨੋਦ ਕੁਮਾਰ ਚੁੰਬਰ
(ਚੇਅਰਮੈਨ)




ਹਰਮੇਸ਼ ਲਾਲ ਮਦਾਰਾ
(ਵਾਈਸ ਚੇਅਰਮੈਨ)



ਅਜੈਬ ਸਿੰਘ ਸੁੰਡਾ
(ਪ੍ਰਧਾਨ)



ਕੁਲਵੰਤ ਸਿੰਘ ਸਿੱਧੂ
(ਸੀਨੀਅਰ ਵਾਈਸ ਪ੍ਰਧਾਨ)



ਰਾਮ ਲੁਭਾਇਆ
(ਵਾਈਸ ਪ੍ਰਧਾਨ)



ਸ਼ਿਵ ਸਿੰਘ ਸਿੱਧੂ
(ਜਨਰਲ ਸਕੱਤਰ)



ਅਮਨਦੀਪ ਸਿੰਘ
(ਸਹਾਇਕ ਜਨਰਲ ਸਕੱਤਰ)



ਤਰਲੋਚਨ ਸਿੰਘ ਬੱਧਣ
(ਖਜਾਨਚੀ)



ਸੋਹਣ ਲਾਲ ਝੱਲੀ
(ਸਹਾਇਕ ਖਜਾਨਚੀ)

ਜਾਰੀ ਕਰਤਾ

ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ), ਅਜੈਬ ਸਿੰਘ ਸੁੰਡਾ (ਪ੍ਰਧਾਨ), ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ), ਰਾਮ ਲੁਭਾਇਆ (ਵਾਈਸ ਪ੍ਰਧਾਨ), ਸ਼ਿਵ ਸਿੱਧੂ (ਜਨਰਲ ਸਕੱਤਰ), ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ), ਤਰਲੋਚਨ ਸਿੰਘ ਬੱਧਣ (ਖਜਾਨਚੀ), ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ) ਅਤੇ ਸੁਰਿੰਦਰ ਸੋਨੀ (ਆਡੀਟਰ)